Vide R.N.I. No. Pun-Pun 2002/8323

ASR/0001/2021/23

ੴ ਸਤਿਗੁਰ ਪ੍ਰਸਾਦਿ ॥

ਸਚੀ ਤੇਰੀ ਸਿਫਤਿ ਸਚੀ ਸਾਲਾਹ ॥ ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ ॥

ਭੇਟਾ: 25/-

ਧੰਨ ਧੰਨ ਮਾਤਾ ਕੌਲਾਂ ਜੀ

ਅੰਕ: 152

# ਸਿਫਤਿ ਸਾਲਾਹ

ਨਿਰੋਲ ਧਾਰਮਿਕ ਪੱਤ੍ਰਿਕਾ

D.O.P. 15 July 2023

ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸ ਡਿਠੇ ਸਭਿ ਦੁਖਿ ਜਾਇ ॥





ਗੁ: ਪਾਤਾਲਪੁਰੀ (ਕੀਰਤਪੁਰ) ਸਾਹਿਬ ਰੋਪੜ ਸ਼ਹਿਰ

ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ ਛੱਬੀਵਾਂ ਭਾਗ- ਧੰਨ ਧੰਨ ਬੀਬੀ ਦੀਪ ਕੌਰ ਜੀ ਅੰਦਰ ਪੜ੍ਹੋ ਜੀ

Age does not Matter on the Path of Gurmat (Never Test Your Guru) ...Read Inside

# 22ਵਾਂ ਵਰੇਗੰਢ ਸਮਾਗਮ

# ਭਾਈ ਮਤੀਦਾਸ ਜੀ ਚੈਰੀਟੇਬਲ ਸੁਸਾਇਟੀ (ਰਜਿ:) ਯਮੁਨਾਪਾਰ, ਦਿੱਲੀ

ਸਤਿਗੁਰੂ ਜੀ ਦੀ ਕਿਰਪਾ ਨਾਲ 25 ਮਈ, 2023 ਨੂੰ ਭਾਈ ਮਤੀਦਾਸ ਜੀ ਚੈਰੀਟੇਬਲ ਸੁਸਾਇਟੀ (ਰਜਿ:) ਦੀ 22ਵੀਂ ਵਰੇਗੰਢ ਨੂੰ ਮਨਾਉਂਦਿਆਂ ਹੋਇਆਂ ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ, ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਮਹਾਨ ਗੁਰਮਤਿ ਸਮਾਗਮ ਕਰਵਾਇਆ ਗਿਆ। ਜਿਸ ਵਿੱਚ ਸਿੰਘ ਸਾਹਿਬ ਗਿਆਨੀ ਬਲਵਿੰਦਰ ਸਿੰਘ ਜੀ (ਗ੍ਰੰਥੀ), ਸਿੰਘ ਸਾਹਿਬ ਗਿਆਨੀ ਬਲਜੀਤ ਸਿੰਘ ਜੀ (ਗ੍ਰੰਥੀ) ਸ੍ਰੀ ਦਰਬਾਰ ਸਾਹਿਬ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਨੇ ਕਥਾ ਕੀਰਤਨ ਦੀਆਂ ਹਾਜ਼ਰੀਆਂ ਭਰੀਆਂ। ਭਾਈ ਪ੍ਰੇਮ ਸਿੰਘ ਜੀ, ਭਾਈ ਗੁਰਸੇਵਕ ਸਿੰਘ ਜੀ ਅਰਦਾਸੀਏ ਸ੍ਰੀ ਦਰਬਾਰ ਸਾਹਿਬ, ਭਾਈ ਜਸਵਿੰਦਰ ਸਿੰਘ ਜੀ ਪਟਿਆਲਾ ਅਤੇ ਦਿੱਲੀ ਦੀਆਂ ਸਮੂਹ ਸੰਗਤਾਂ ਨੇ ਇਸ ਸਮਾਗਮ ਵਿੱਚ ਹਾਜ਼ਰੀਆਂ ਭਰੀਆਂ। ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਪ੍ਰੇਰਨਾ ਨਾਲ ਸੁਸਾਇਟੀ ਦੇ ਮੁਖ ਸੇਵਾਦਾਰ ਬੀਬੀ ਜਗਜੀਤ ਕੌਰ ਜੀ ਵੱਲੋਂ ਦਿੱਲੀ ਯਮੁਨਾਪਾਰ ਵਿਖੇ ਵਿਧਵਾ ਬੀਬੀਆਂ ਨੂੰ ਹਰ ਮਹੀਨੇ ਫ੍ਰੀ ਰਾਸ਼ਨ ਦਿੱਤਾ ਜਾਂਦਾ ਹੈ। ਇਸ ਤੋਂ ਇਲਾਵਾ ਫ੍ਰੀ ਆਨਲਾਈਨ ਕੋਰਸਾਂ ਦੀਆਂ UPSC & IAS Course Preparation, Preparation For Judiciary Entrance, Language Course: German, French, Japanese, Chinese,  Exam, Preparation of SSC (CGL, CHSL) ਕਲਾਸਾਂ ਵੀ ਲਗਾਈਆਂ ਜਾਂਦੀਆਂ ਹਨ। ਜਿਸ ਦੌਰਾਨ ਤਕਰੀਬਨ 5000 ਤੋਂ ਵੀ ਵੱਧ ਬੱਚੇ ਲਾਭ ਲੈ ਰਹੇ ਹਨ।



















1. ਸਿੰਘ ਸਾਹਿਬ ਗਿਆਨੀ ਬਲਵਿੰਦਰ ਸਿੰਘ ਜੀ (ਗ੍ਰੰਥੀ ਸ੍ਰੀ ਦਰਬਾਰ ਸਾਹਿਬ), 2-3. ਭਾਈ ਹਰਵਿੰਦਰਪਾਲ ਸਿੰਘ ਜੀ ਲਿਟਲ, ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਸੰਗਤਾਂ ਨੂੰ ਕਥਾ ਕੀਰਤਨ ਨਾਲ ਨਿਹਾਲ ਕਰਦੇ ਹੋਏ, 4. ਭਾਈ ਮਤੀਦਾਸ ਜੀ ਚੈਰੀਟੇਬਲ ਸੁਸਾਇਟੀ ਵੱਲੋਂ ਫ੍ਰੀ ਆਨਲਾਈਨ ਕੋਰਸਾਂ ਦਾ ਪੋਸਟਰ ਰਿਲੀਜ਼ ਕਰਦੇ ਹੋਏ ਸਿੰਘ ਸਾਹਿਬ ਗਿਆਨੀ ਬਲਵਿੰਦਰ ਸਿੰਘ ਜੀ, ਸਿੰਘ ਸਾਹਿਬ ਗਿਆਨੀ ਬਲਜੀਤ ਸਿੰਘ ਜੀ, ਅਰਦਾਸੀਏ ਭਾਈ ਪ੍ਰੇਮ ਸਿੰਘ ਜੀ, ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ , ਭਾਈ ਜਸਵਿੰਦਰ ਸਿੰਘ ਜੀ ਪਟਿਆਲਾ, ਭਾਈ ਬਹਾਦਰ ਸਿੰਘ ਜੀ (ਗ੍ਰੰਥੀ ਗੁ: ਸ਼ਹੀਦ ਗੰਜ ਸਾਹਿਬ, ਸ੍ਰੀ ਅੰਮ੍ਰਿਤਸਰ) ਅਤੇ ਬੀਬੀ ਜਗਜੀਤ ਕੌਰ ਜੀ। 6. ਭਾਈ ਮਤੀਦਾਸ ਜੀ ਸੁਸਾਇਟੀ ਦੇ ਸਮੂੰਹ ਮੈਂਬਰ ਭਾਈ ਸਾਹਿਬ ਜੀ ਨੂੰ ਸਨਮਾਨਿਤ ਕਰਦੇ ਹੋਏ।

Asr. G.P.O.No. PB0001/ 2021-23

ੴ ਸਤਿਗੁਰ ਪ੍ਰਸਾਦਿ।।

ਅੰਕ-152ਵਾਂ (2023)

ਧੰਨ ਧੰਨ ਮਾਤਾ ਕੌਲਾਂ ਜੀ

# ਸਿਫਤਿ ਸਾਲਾਹ

ਨਿਰੋਲ ਧਾਰਮਿਕ ਪੱਤ੍ਰਿਕਾ

E-mail : sifitsalah@yahoo.com
Website : www.bibikaulanjibhalaikendertrust.org

**ਸਰਪ੍ਰਸਤ**
ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ

**ਮੁੱਖ ਸੰਪਾਦਕ**
ਭਾਈ ਹਰਵਿੰਦਰ ਪਾਲ ਸਿੰਘ ਲਿਟਲ

**ਸਹਾਇਕ ਸੰਪਾਦਕ**
ਭਾਈ ਹਰਵਿੰਦਰ ਸਿੰਘ (ਡੀ ਸੀ)

**ਸੰਪਾਦਕੀ ਬੋਰਡ**
ਭਾਈ ਜਸਵਿੰਦਰ ਸਿੰਘ (ਪਟਿਆਲਾ), ਭਾਈ ਤੇਜਪਾਲ ਸਿੰਘ, ਭਾਈ ਪਾਲ ਸਿੰਘ
ਬੀਬੀ ਪਰਮਜੀਤ ਕੌਰ (ਪੰਮਾ ਭੈਣ ਜੀ), ਭਾਈ ਅੰਮ੍ਰਿਤਪਾਲ ਸਿੰਘ, ਸ. ਕਮਲਪ੍ਰੀਤ ਸਿੰਘ
ਸ. ਕੁਲਬੀਰ ਸਿੰਘ (ਸਿਵਲ ਲਾਈਨ ਵਾਲੇ), ਸ. ਹਰਮਿੰਦਰ ਸਿੰਘ, ਸ. ਰਮਿੰਦਰ ਸਿੰਘ

**ਐਡਵੋਕੇਟ**
ਸ. ਸੁਰਿੰਦਰ ਸਿੰਘ ਕੰਵਰ

**ਸਲਾਹਕਾਰ**
ਸ. ਟਹਿਲਇੰਦਰ ਸਿੰਘ

**ਵਿਸ਼ੇਸ਼ ਸਹਿਯੋਗ**
ਸ. ਹਰਭਜਨ ਸਿੰਘ ਲੁਧਿਆਣਾ

**ਪ੍ਰਕਾਸ਼ਕ**
ਗੁਰਮਤਿ ਸਤਿਸੰਗ ਸਭਾ
ਧੰਨ ਧੰਨ ਬੀਬੀ ਕੌਲਾਂ ਜੀ (ਰਜਿ.)
ਸ੍ਰੀ ਅੰਮ੍ਰਿਤਸਰ।

**ਕੰਪਿਊਟਰ**
ਸਿਫਤਿ ਸਾਲਾਹ ਦਫਤਰ

ਨਾਮ :- ਧੰਨ ਧੰਨ ਮਾਤਾ ਕੌਲਾਂ ਜੀ ਸਿਫਤਿ ਸਾਲਾਹ
ਖਾਤਾ ਨੰ. 55031111026 ਬੈਂਕ :- ਸਟੇਟ ਬੈਂਕ ਆਫ ਇੰਡੀਆ
IFSC ਕੋਡ ਨੰ. SBIN0050245
ਬ੍ਰਾਂਚ :- ਚਾਟੀਵਿੰਡ ਚੌਂਕ, ਅੰਮ੍ਰਿਤਸਰ।

**ਚੰਦਾ**

| ਦੇਸ਼ | | ਵਿਦੇਸ਼ | |
|---|---|---|---|
| ਸਲਾਨਾ ਚੰਦਾ | 150 ਰੁ. | ਸਲਾਨਾ ਚੰਦਾ | 1200 ਰੁ. |
| 2 ਸਾਲ ਲਈ | 300 ਰੁ. | 2 ਸਾਲ ਲਈ | 2400 ਰੁ. |
| 5 ਸਾਲ ਲਈ | 600 ਰੁ. | 5 ਸਾਲ ਲਈ | 4800 ਰੁ. |
| ਲਾਈਫ ਮੈਂਬਰਸ਼ਿਪ | 2400 ਰੁ. | ਲਾਈਫ ਮੈਂਬਰਸ਼ਿਪ | 19200 ਰੁ. |

**ਚਿੱਠੀ-ਪੱਤਰ ਅਤੇ ਚੰਦਾ ਭੇਜਣ ਦਾ ਪਤਾ**

ਦਫਤਰ: **ਸਿਫਤਿ ਸਾਲਾਹ**, ਬੀਬੀ ਕੌਲਾਂ ਜੀ ਭਲਾਈ ਕੇਂਦਰ (ਟਰੱਸਟ)
ਤਰਨ ਤਾਰਨ ਰੋਡ, ਸ੍ਰੀ ਅੰਮ੍ਰਿਤਸਰ-143006 ਫੋਨ : 98765-25850

## ਤਤਕਰਾ

- ਸੰਪਾਦਕੀ 4
- ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ ਛੱਬੀਵਾਂ ਭਾਗ- ਧੰਨ ਧੰਨ ਬੀਬੀ ਦੀਪ ਕੌਰ ਜੀ 5
- ਨੌਵੇਂ ਪਾਤਸ਼ਾਹ ਜੀ ਦੇ ਸਲੋਕਾਂ ਦੀ ਵਿਚਾਰ 14
- ਜ਼ਿੰਦਗੀ ਦੀਆਂ ਬਰੀਕੀਆਂ 17
- ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥ 20
- ਰਸਾਲਾ ਬੁੱਕ ਕਰਵਾਉਣ ਵਾਸਤੇ ਪਾਠਕਾਂ ਨੂੰ ਜ਼ਰੂਰੀ ਬੇਨਤੀ 22
- ਅਧਿਆਤਮਿਕ ਵਿਚਾਰਾਂ 23
- ਸ੍ਰੀ ਚੌਪਈ ਸਾਹਿਬ ਜੀ ਦੀ ਬਾਣੀ ਦਾ ਮਹਾਤਮ ਕੀ ਹੈ? 24
- ਅਨਮੋਲ ਬਚਨ 30
- 400 ਸਾਲ ਗੁਰ ਇਤਿਹਾਸ ਦੇ ਨਾਲ 31
- सिक्ख पंथ के आदरणीय गुरमुख प्यारे भाई साहिब भाई मनी सिंघ जी 33
- जिंदगी की बारीकियाँ 41
- Age does not Matter on the Path of Gurmat (Never Test Your Guru) 43

*ਨੋਟ :* ਸਿਫਤਿ ਸਾਲਾਹ ਵਿੱਚ ਛਪੇ ਲੇਖ ਤੇ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਆਪਣੇ ਹਨ, ਸੰਪਾਦਕੀ ਬੋਰਡ ਸਿਫਤਿ ਸਾਲਾਹ ਦਾ ਇਨ੍ਹਾਂ ਵਿਚਾਰਾਂ ਦੇ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। -ਸੰਪਾਦਕ

# ਸੰਪਾਦਕੀ

ਗੁਰੂ ਕੀ ਪਿਆਰੀ ਸਾਧ ਸੰਗਤ ਜੀ,

**ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥**

ਧੰਨ ਬਾਬਾ ਨੰਦ ਸਿੰਘ ਜੀ ਨਾਨਕਸਰ ਕਲੇਰਾਂ ਵਾਲੇ ਮਹਾਂਪੁਰਸ਼ ਬਚਨ ਕਰਦੇ ਸਨ, ਜਿਹੜੇ ਸਤਿਸੰਗਤ ਦੇ ਕਿੱਲੇ ਨਾਲ ਬੱਝੇ ਰਹਿਣਗੇ, ਉਹ ਬਚ ਜਾਣਗੇ। ਜਿਹੜੇ ਨਾਮ ਦੀਆਂ ਛਹਿਬਰਾਂ ਲਗਾਉਂਦੇ ਰਹਿਣਗੇ, ਉਹ ਬਚ ਜਾਣਗੇ। ਨਹੀਂ ਤਾਂ ਇਸ ਕਲਯੁੱਗ ਦੀ ਹਨ੍ਹੇਰੀ ਤੋਂ, ਇਸ ਕਲਯੁੱਗ ਦੇ ਪੰਜ ਵਿਕਾਰਾਂ ਦੀ ਗਰਮੀ ਤੋਂ ਬਚਣਾ ਬਹੁਤ ਹੀ ਔਖਾ ਹੈ। ਅੱਜ ਹਰ ਪਾਸੇ ਵਿਕਾਰ ਤੇ ਵਾਸ਼ਨਾ ਭਾਰੂ ਹੁੰਦੀ ਜਾ ਰਹੀ ਹੈ। ਮੋਬਾਇਲ ਵਿੱਚੋਂ ਹਰ ਸਮੇਂ ਕੀਰਤਨ ਦੀਆਂ ਧੁਨੀਆਂ ਵੀ ਨਿਕਲ ਸਕਦੀਆਂ ਹਨ, ਅੰਮ੍ਰਿਤ ਰੂਪੀ ਪਾਠ ਵੀ ਸੁਣਿਆ ਜਾ ਸਕਦਾ ਹੈ ਪਰ ਇਸ ਮੋਬਾਇਲ ਰਾਹੀਂ ਇੱਕ ਵਾਰੀ ਕੋਈ ਗਲਤ ਸਾਈਟ ਖੁੱਲ੍ਹ ਜਾਵੇ ਤੇ ਪਤਾ ਹੀ ਨਹੀਂ ਲੱਗਦਾ, ਕਿੰਨਾ-ਕਿੰਨਾ ਸਮਾਂ, ਕਿੰਨੇ-ਕਿੰਨੇ ਘੰਟੇ ਇਸ ਵਿੱਚ ਹੀ ਵਿਅਰਥ ਹੋ ਜਾਂਦੇ ਹਨ, ਕਿੰਨੇ ਹੀ ਅਨਮੋਲ ਸਵਾਸ ਬਿਰਥੇ ਚਲੇ ਜਾਂਦੇ ਹਨ। ਬਿਰਥੇ ਹੀ ਨਹੀਂ ਜਾਂਦੇ ਸਗੋਂ ਕੌਡੀਆਂ ਦੇ ਭਾਅ ਨਸ਼ਟ ਹੋ ਜਾਂਦੇ ਹਨ। ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਵੀ ਇਸ ਤੋਂ ਬਚਣ ਦੀ ਤਾਕੀਦ ਆਪਣੇ ਪਾਵਨ ਸ਼ਬਦ ਰਾਹੀਂ ਕਰਦੇ ਹਨ:

***ਸਾਧੋ ਮਨ ਕਾ ਮਾਨੁ ਤਿਆਗਉ॥***

***ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ॥੧॥ ਰਹਾਉ॥*** ***(ਅੰਗ ੨੧੯)***

ਕੋਸ਼ਿਸ਼ ਕਰੀਏ ਕਿ ਇਨ੍ਹਾਂ ਵਿਕਾਰਾਂ ਤੋਂ ਬਚ ਕੇ ਰਹੀਏ। ਹਰ ਸਮੇਂ ਆਪਣੇ ਆਪ ਨੂੰ ਨਾਮ ਬਾਣੀ ਦੇ ਪਹਿਰੇ ਵਿੱਚ ਰੱਖੀਏ। ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦਾ ਜੀਵਨ ਵੇਖੀਏ ਤੇ ਗੁਰੂ ਸਾਹਿਬ ਆਪਣੇ ਜੀਵਨ ਦਾ ਬਹੁਤਾ ਸਮਾਂ ਭਗਤੀ ਵਿੱਚ ਹੀ ਲੀਨ ਰਹੇ। ਬਾਬਾ ਬਕਾਲਾ ਸਾਹਿਬ ਜਿੱਥੇ ਗੁਰੂ ਸਾਹਿਬ ਜੀ ਦਾ ਪਾਵਨ ਭੋਰਾ ਸਾਹਿਬ ਹੈ। ਇਹ ਭੋਰਾ ਸਾਹਿਬ ਉਹ ਅਸਥਾਨ ਹੈ ਜਿੱਥੇ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਨੇ ਗੁਰੂ ਸਾਹਿਬ ਜੀ ਦੇ ਪਹਿਲੀ ਵਾਰ ਦਰਸ਼ਨ ਕੀਤੇ ਤੇ ਗੁਰੂ ਸਾਹਿਬ ਦੇ ਪ੍ਰਗਟ ਹੋਣ ਦਾ ਸਾਰਾ ਵਰਤਾਰਾ ਵਰਤਿਆ। ਉਸ ਭੋਰਾ ਸਾਹਿਬ ਵਿੱਚ ਨੌਂਵੇਂ ਪਾਤਸ਼ਾਹ ਜੀ ਨੇ ਤਕਰੀਬਨ 26 ਸਾਲ ਭਗਤੀ ਕੀਤੀ। ਨਾ ਕਿਸੇ ਨਾਲ ਬਹੁਤਾ ਵਿਚਰਨਾ, ਨਾ ਕਿਸੇ ਨਾਲ ਕੋਈ ਬਹੁਤੀ ਗੱਲਬਾਤ। ਆਪਣਾ ਸਾਰਾ ਕੁਝ ਸੰਕੋਚ ਕੇ ਜੀਵਨ ਨੂੰ ਬੰਦਗੀ ਦੇ ਰਾਹ ਤੇ ਤੋਰਨ ਦਾ ਵਲ ਸਿਖਾਇਆ ਤੇ ਇੱਕ ਸੇਧ ਸਾਨੂੰ ਬਖਸ਼ਿਸ਼ ਕੀਤੀ। ਇਹੋ ਜਿਹੇ ਪੂਰਨਿਆਂ ਨੂੰ ਅੱਜ ਜੀਵਨ ਵਿੱਚ ਧਾਰਨ ਕਰਨ ਦੀ ਬਹੁਤ ਲੋੜ ਹੈ। ਜਦੋਂ ਵੀ ਸਮਾਂ ਬਣੇ, ਆਪਣੇ ਘਰ ਵਿੱਚ ਹੀ ਮਹੀਨੇ ਵਿੱਚ ਇੱਕ ਦਿਨ ਜਾਂ ਦੋ ਦਿਨ ਮੋਬਾਇਲ ਸਵਿੱਚ ਆਫ ਕਰਕੇ, ਘਰ ਦੇ ਹੋਰ ਕੰਮ ਸੰਕੋਚ ਕੇ ਛੇ-ਛੇ ਘੰਟੇ ਜਾਂ ਅੱਠ-ਅੱਠ ਘੰਟੇ ਦਾ ਸਮਾਂ ਗੁਰੂ ਚਰਨਾਂ ਦੇ ਲੇਖੇ ਲਗਾਈਏ। ਇੰਝ ਕੀਤੀ ਬੱਝਵੀਂ ਭਗਤੀ ਨਾਲ ਫਿਰ ਅਗਲੀਆਂ ਮੰਜ਼ਿਲਾਂ, ਅਗਲੇ ਰਾਹ ਖੁੱਲ੍ਹਦੇ ਹਨ। ਬੱਝਵੀਂ ਭਗਤੀ ਦੀ ਬਹੁਤ ਲੋੜ ਹੈ। ਜਿਵੇਂ ਗੁਰੂ ਸਾਹਿਬ ਜੀ ਨੇ ਗੁਰਬਾਣੀ ਰਾਹੀਂ ਬਚਨ ਕੀਤਾ ਹੈ:

***ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ॥ ਸਾਵਧਾਨ ਏਕਾਗਰ ਚੀਤ॥*** ***(ਅੰਗ ੨੯੫)***

ਜੇ ਪ੍ਰਭੂ ਦੀ ਉਸਤਤ ਕਰਨੀ ਹੈ, ਨਾਮ ਬਾਣੀ ਦੇ ਪਹਿਰੇ ਲਗਾਉਣੇ ਹਨ ਤੇ ਇਸ ਢੰਗ ਨਾਲ ਲਗਾ ਕੇ ਕਿ ਮਨ ਇਕਾਗਰ ਰਹੇ, ਸਾਵਧਾਨ ਰਹੇ ਤੇ ਸਾਵਧਾਨ ਤਾਂ ਹੀ ਰਹੇਗਾ, ਜੇ ਸਮੇਂ-ਸਮੇਂ ਤੇ ਅਸੀਂ ਆਪਣੇ ਸਾਰੇ ਕਾਰਜਾਂ ਨੂੰ ਸੰਕੋਚ ਕੇ ਬੱਝਵੀਂ ਭਗਤੀ ਕਰਾਂਗੇ। ਇੰਝ ਭਗਤੀ ਕਰਦਿਆਂ, ਨਾਮ ਜਪਦਿਆਂ ਜਿਵੇਂ-ਜਿਵੇਂ ਰਸ ਆਉਂਦਾ ਜਾਵੇਗਾ, ਪ੍ਰਭੂ ਮਿਲਣ ਦਾ ਰਾਹ ਨੇੜੇ ਹੁੰਦਾ ਜਾਵੇਗਾ। ਅਜਿਹੇ ਬੈਨ ਆਪਣੇ ਜੀਵਨ ਵਿੱਚ ਵੀ ਲਗਾਈਏ ਤੇ ਫਿਰ ਆਪਣੇ ਬੱਚਿਆਂ ਨੂੰ ਇਸ ਰਾਹ ਤੇ ਤੁਰਨ ਦੀ ਪ੍ਰੇਰਨਾ ਦੇਈਏ ਤਾਂ ਕਿ ਸਾਡਾ ਇਹ ਲੋਕ-ਪਰਲੋਕ ਸੁਹੇਲਾ ਹੋ ਸਕੇ।

**ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥**

***—ਸੰਪਾਦਕ***

## ਨਵੀਂ ਪੀੜ੍ਹੀ ਬਜ਼ੁਰਗਾਂ ਦੇ ਤਜਰਬੇ ਦਾ ਲਾਭ ਲਵੇ ਅਤੇ ਬਜ਼ੁਰਗ ਨਵੀਂ ਪੀੜ੍ਹੀ ਦੀਆਂ ਭਾਵਨਾਵਾਂ ਨੂੰ ਸਮਝਣ

# ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ ਛੱਬੀਵਾਂ ਭਾਗ- ਧੰਨ ਧੰਨ ਬੀਬੀ ਦੀਪ ਕੌਰ ਜੀ

*—ਸੰਪਾਦਕ*

**ਆਪ ਸਭ ਸੰਗਤਾਂ ਦੀ ਅਸੀਸ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਪ੍ਰੇਰਨਾ ਨਾਲ ਸਿਫਤਿ ਸਾਲਾਹ ਰਸਾਲੇ ਵਿੱਚ ਲੜੀਵਾਰ ਪ੍ਰਕਰਨਾਂ ਦੀ ਸੇਵਾ ਸਤਿਗੁਰੂ ਜੀ ਤਰਸ ਕਰਕੇ ਲੈ ਰਹੇ ਹਨ। 125 ਅੰਕ ਤੋਂ—"ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ" ਪ੍ਰਕਰਨ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਸ਼ੁਰੂ ਕੀਤਾ ਗਿਆ ਹੈ। ਇਸ ਅੰਕ ਵਿੱਚ ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ ਛੱਬੀਵਾਂ ਭਾਗ- ਧੰਨ ਧੰਨ ਬੀਬੀ ਦੀਪ ਕੌਰ ਜੀ ਦੇ ਜੀਵਨ ਦੇ ਕੁਝ ਅੰਸ਼ਾਂ ਦੀ ਵਿਚਾਰ ਸਤਿਗੁਰੂ ਜੀ ਆਪਣੀ ਰਹਿਮਤ ਕਰਕੇ ਆਪ ਹੀ ਸਿਰ 'ਤੇ ਹੱਥ ਰੱਖ ਕੇ ਕਰਵਾਉਣ।**

***ਮ: ੧॥***

***ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥***
***ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥***
***ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥***
***ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥***
***ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ ॥***
***ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ ॥***
***ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ ॥***
***ਨਾਨਕ ਤੇ ਮੁਖ ਊਜਲੇ ਤਿਤੁ ਸਚੈ ਦਰਬਾਰਿ ॥੨॥***

*(ਅੰਗ ੪੭੩)*

ਸਾਰੀ ਸੰਗਤ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪਿਆਰ, ਸਤਿਕਾਰ ਵਿੱਚ, ਪ੍ਰੇਮ ਅਤੇ ਭਾਵਨਾ ਵਿੱਚ ਪਿਆਰ ਨਾਲ ਗਜ ਕੇ ਸਾਰੇ ਆਖੋ ਜੀ, ਸਤਿਨਾਮੁ ਸ੍ਰੀ ਵਾਹਿਗੁਰੂ ਜੀ।

ਅਸੀਂ ਕਈ ਵਾਰ ਸੋਚਦੇ ਹਾਂ। ਗੁਰੂ ਕਲਗੀਧਰ ਪਿਤਾ ਜੀ ਦੇ ਸਾਜੇ ਹੋਏ ਪੰਜ ਪਿਆਰੇ, ਕੋਈ ਪੰਜ ਸਿੰਘ, ਉਨ੍ਹਾਂ ਨੇ ਬਾਣਾ ਪਾਇਆ ਹੋਵੇ, ਗੁਰਸਿੱਖੀ ਜੀਵਨ ਦੇ ਪੂਰੇ ਹੋਣ, ਨਿਤਨੇਮੀ ਤੇ ਬੰਦਗੀ ਵਾਲੇ ਹੋਣ, ਉਹ ਪੰਜੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਹਮਣੇ ਖਲੋ ਕੇ ਕਿਸੇ ਦੀ ਅਰਦਾਸ ਕਰ ਦੇਣ ਤੇ ਗੁਰੂ ਕਲਗੀਧਰ ਪਿਤਾ ਜੀ ਮਹਾਰਾਜ ਸੱਚੇ ਪਾਤਸ਼ਾਹ ਜੀ ਨੂੰ ਪ੍ਰਤੱਖ ਲੇਖ ਬਦਲਣੇ ਪੈਂਦੇ ਹਨ। ਇੱਕ ਗੁਰੂ ਦੇ ਸਿੱਖ ਹੀ ਅਰਦਾਸ ਕਰ ਦੇਣ ਤੇ ਕਲਾ ਵਰਤ ਜਾਂਦੀ ਹੈ, ਉਹ ਗੁਰੂ ਸਾਹਿਬ ਕਿੰਨੇ ਵੱਡੇ ਹੋਣਗੇ। ਉਨ੍ਹਾਂ ਉੱਤੇ ਪੂਰਨ ਭਾਵਨਾ ਰੱਖ ਕੇ, ਉਨ੍ਹਾਂ ਨੂੰ ਤਨ, ਮਨ ਵੇਚ ਕੇ, ਇੱਕ ਵਾਰੀ ਪਿਆਰ ਨਾਲ ਆਖੋ ਜੀ, ਸਤਿਨਾਮੁ ਸ੍ਰੀ ਵਾਹਿਗੁਰੂ ਜੀ।

ਜਿਹੜਾ ਪ੍ਰਕਰਨ ਚੱਲ ਰਿਹਾ ਹੈ, ਸਤਿਗੁਰੂ ਜੀ ਆਪ ਹੀ ਸਿਰ ਤੇ ਹੱਥ ਰੱਖ ਕੇ ਸੇਵਾ ਲੈਣ :

## ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ :

ਪਹਿਲੇ ਭਾਗ ਵਿੱਚ ਆਪ ਜੀ ਨੇ ਬੀਬੀ ਵੀਰੋ ਜੀ ਦੇ ਜੀਵਨ ਦੇ ਦਰਸ਼ਨ ਕੀਤੇ ਸਨ। ਦੂਸਰੇ ਭਾਗ ਵਿੱਚ ਆਪ ਜੀ ਨੇ ਮਾਤਾ ਭਿਰਾਈ ਜੀ ਦੇ ਜੀਵਨ ਦੇ ਦਰਸ਼ਨ ਕੀਤੇ। ਤੀਸਰੇ ਭਾਗ ਵਿੱਚ ਮਾਤਾ ਖੀਵੀ ਜੀ, ਚੌਥੇ ਭਾਗ ਵਿੱਚ ਬੀਬੀ ਭਾਨੀ ਜੀ, ਪੰਜਵੇਂ ਭਾਗ ਵਿੱਚ ਬੇਬੇ ਨਾਨਕੀ ਜੀ, ਛੇਵੇਂ ਭਾਗ ਵਿੱਚ ਮਾਤਾ ਗੰਗਾ ਜੀ, ਸੱਤਵੇਂ ਭਾਗ ਵਿੱਚ ਮਾਤਾ ਸੁਲੱਖਣੀ ਜੀ, ਅੱਠਵੇਂ ਭਾਗ ਵਿੱਚ ਬੀਬੀ ਰਾਮੋ ਜੀ, ਨੌਂਵੇਂ ਭਾਗ ਵਿੱਚ ਬੀਬੀ ਕੌਲਾਂ ਜੀ, ਦਸਵੇਂ ਭਾਗ ਵਿੱਚ ਬੀਬੀ ਦੇਸਾਂ ਜੀ, ਗਿਆਰ੍ਹਵੇਂ ਭਾਗ ਵਿੱਚ ਧੰਨ ਧੰਨ ਮਾਤਾ ਗੁਜਰ ਕੌਰ ਜੀ, ਬਾਰ੍ਹਵੇਂ ਤੇ ਤੇਰ੍ਹਵੇਂ ਭਾਗ ਵਿੱਚ ਧੰਨ ਧੰਨ ਮਾਤਾ ਸਾਹਿਬ ਕੌਰ ਜੀ, ਚੌਦਵੇਂ ਭਾਗ ਵਿੱਚ ਧੰਨ ਧੰਨ ਮਾਤਾ ਭਾਗ ਕੌਰ ਜੀ (ਮਾਈ ਭਾਗੋ ਜੀ), ਪੰਦਰ੍ਹਵੇਂ ਭਾਗ ਵਿੱਚ ਰਾਣੀ ਮੈਣੀ ਜੀ, ਸੋਲ੍ਹਵੇਂ ਭਾਗ ਵਿੱਚ ਧੰਨ ਧੰਨ ਮਾਤਾ ਮਨਸਾ ਦੇਈ ਜੀ, ਸਤਾਰ੍ਹਵੇਂ ਭਾਗ ਵਿੱਚ ਧੰਨ ਧੰਨ ਮਾਤਾ ਜੀਤੋ ਜੀ, ਅਠਾਰ੍ਹਵੇਂ ਭਾਗ ਵਿੱਚ ਬੀਬੀ ਬਸੰਤ ਲਤਾ ਕੌਰ ਜੀ, ਉਨ੍ਹੀਵੇਂ ਭਾਗ ਵਿੱਚ ਧੰਨ ਧੰਨ ਬੀਬੀ ਅਮਰੋ ਜੀ, ਵੀਹਵੇਂ ਭਾਗ ਵਿੱਚ ਧੰਨ ਧੰਨ ਮਾਤਾ ਨਾਨਕੀ ਜੀ, ਇੱਕੀਵੇਂ ਭਾਗ ਵਿੱਚ ਧੰਨ ਧੰਨ ਮਾਤਾ ਭਾਗ ਭਰੀ ਜੀ, ਬਾਈਵੇਂ ਭਾਗ ਵਿੱਚ ਬੀਬੀ ਰਜਨੀ ਜੀ, ਤੇਈਵੇਂ ਭਾਗ ਵਿੱਚ ਧੰਨ ਧੰਨ ਮਾਤਾ ਤ੍ਰਿਪਤਾ ਜੀ, ਚੌਵੀਵੇਂ ਭਾਗ ਵਿੱਚ ਮਹਾਰਾਣੀ ਜਿੰਦਾਂ ਜੀ, ਪੰਝੀਵੇਂ ਭਾਗ ਵਿੱਚ ਰਾਏਪੁਰ ਰਾਣੀ ਦੇ ਜੀਵਨ ਦੇ ਦਰਸ਼ਨ ਕੀਤੇ ਹਨ। ਹੁਣ ਇਸ ਅੰਕ ਵਿੱਚ ਉਸ ਬੀਬੀ ਦੇ ਦਰਸ਼ਨ ਕਰਨੇ ਹਨ, ਜਿਨ੍ਹਾਂ ਨੂੰ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਖੁਸ਼ ਹੋ ਕੇ ਕਿਹਾ ਸੀ:

***ਮੇਰੀ ਪਿਆਰੀ ਪੁੱਤਰੀ ਕਿੱਥੇ ਹੈ?***

ਔਰ ਉਸ ਬੀਬੀ ਜੀ ਦਾ ਇਤਿਹਾਸ ਵਿੱਚ ਨਾਂ ਆਇਆ ਹੈ :

***ਧੰਨ ਧੰਨ ਬੀਬੀ ਦੀਪ ਕੌਰ ਜੀ।***

ਪਹਿਲਾਂ ਨਾਂ ਸੀ ਦੀਪੋ। ਅੰਮ੍ਰਿਤ ਛਕਣ ਤੋਂ ਬਾਅਦ ਪੰਜ ਪਿਆਰਿਆਂ ਨੇ ਨਾਂ ਰੱਖਿਆ ਹੈ, ਬੀਬੀ ਦੀਪ ਕੌਰ ਜੀ। ਇਨ੍ਹਾਂ ਦੇ ਪਤੀ ਦਾ ਨਾਂ ਇਤਿਹਾਸ ਵਿੱਚ ਆਇਆ ਹੈ, ਕਰਮ ਸਿੰਘ। ਇਨ੍ਹਾਂ ਦਾ ਸਹੁਰਾ ਪਿੰਡ ਜਲੰਧਰ ਦੇ ਕੋਲ, ਤਲਵਨ ਪਿੰਡ ਦਾ ਹੈ। ਵਾਹਿਗੁਰੂ ਜੀ ਦੀ ਇੰਨੀ ਕਿਰਪਾ, ਸ਼ਸ਼ਤਰਾਂ ਬਸਤਰਾਂ ਵੱਲੋਂ ਵੀ ਇਸ ਬੀਬੀ ਤੇ ਬਖਸ਼ਿਸ਼ ਸੀ, ਰਹਿਮਤ ਸੀ। ਇਹ ਇਤਿਹਾਸ ਵਿੱਚ ਲਫਜ਼ ਮਿਲਦੇ ਹਨ, ਮਾਝੇ ਤੋਂ ਸੰਗਤ ਗਈ, ਸ੍ਰੀ ਅਨੰਦਪੁਰ ਸਾਹਿਬ ਦਰਸ਼ਨ ਕਰਨ। ਮੁਗਲਾਂ ਦਾ ਰਾਜ ਸੀ, ਪੈਦਲ ਸੰਗਤਾਂ ਜਾਂਦੀਆਂ ਸੀ। ਜਿਹੜੇ ਪਿੰਡ ਸੰਗਤ ਨੇ ਰਹਿਣਾ ਹੁੰਦਾ ਸੀ, ਉਦੋਂ ਇਹ ਰਿਵਾਜ ਸੀ ਕਿ ਇੱਕ ਦੋ ਸਿੱਖ ਇੱਕ ਦਿਨ ਪਹਿਲਾਂ ਭੇਜਦੇ ਸੀ ਕਿ ਇੰਝ ਸੰਗਤ ਆ ਰਹੀ ਹੈ ਤੇ ਉਹ ਫਿਰ ਪਿੰਡ ਵਾਲੇ ਰਿਹਾਇਸ਼ ਦਾ ਪ੍ਰਬੰਧ ਕਰਦੇ ਸੀ, ਲੰਗਰ ਦਾ ਪ੍ਰਬੰਧ ਕਰਦੇ ਸੀ ਤੇ ਨਾਲ ਕਹਿੰਦੇ ਰਾਤੀਂ ਦੋ ਤਿੰਨ ਘੰਟੇ ਜਿਵੇਂ ਤੁਸੀਂ ਸਤਿਸੰਗ ਕਰ ਰਹੇ ਹੋ, ਇਸ ਤਰ੍ਹਾਂ ਨਾਲ ਸਤਿਸੰਗ ਵੀ ਕਰਨਾ ਹੈ। ਇਸ ਤਰ੍ਹਾਂ ਸੰਗਤ ਨਾਲ ਜਾਂਦੀ ਸੀ, ਗੁਰੂ ਸਾਹਿਬ ਦੇ ਦਰਸ਼ਨ ਕਰਨ। ਇਹ ਮਾਝੇ ਤੋਂ ਸੰਗਤ ਦਾ ਜੱਥਾ ਆ ਰਿਹਾ ਹੈ। ਸੁਨੇਹਾ ਦੋ ਦਿਨ ਪਹਿਲਾਂ ਆ ਗਿਆ, ਜਲੰਧਰ ਤੋਂ ਸੰਗਤਾਂ ਦਰਸ਼ਨ ਕਰਨ ਜਾ ਰਹੀਆਂ ਹਨ, ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ, ਸ੍ਰੀ ਅਨੰਦਪੁਰ ਸਾਹਿਬ। ਇਸ ਬੀਬੀ ਅੰਦਰ ਇੰਨਾ ਪਿਆਰ ਸੰਗਤ ਲਈ ਕਿ ਜੋ ਵਾਹਿਗੁਰੂ ਨੇ ਦਿੱਤਾ ਹੈ, ਉਸ ਵਿੱਚੋਂ ਵੀ ਬੇਅੰਤ ਪਦਾਰਥ ਸੰਗਤ ਦੇ ਛਕਣ ਵਾਸਤੇ

ਤਿਆਰ ਕੀਤੇ ਤੇ ਹੁਣ ਜਿਹੜੀ ਜਗ੍ਹਾ ਤੋਂ ਸੰਗਤ ਨੇ ਲੰਘਣਾ ਹੈ, ਉਸ ਜਗ੍ਹਾ ਤੇ ਸੰਗਤ ਨੂੰ ਉਡੀਕ ਰਹੀ ਹੈ ਤੇ ਇਹ ਪਦਾਰਥ ਸੰਗਤ ਨੂੰ ਛਕਾਉਣੇ ਹਨ ਤੇ ਨਾਲ ਪ੍ਰੋਗਰਾਮ ਬਣਿਆ ਸੀ, ਉਸੇ ਸੰਗਤ ਨਾਲ ਮੈਂ ਵੀ ਸ੍ਰੀ ਅਨੰਦਪੁਰ ਸਾਹਿਬ ਜਾਣਾ ਹੈ, ਗੁਰੂ ਕਲਗੀਧਰ ਪਿਤਾ ਜੀ ਦੇ ਦਰਸ਼ਨ ਕਰਨ। ਇਹ ਉਡੀਕ ਰਹੀ ਹੈ। ਬੀਬੀ ਦੀਪ ਕੌਰ ਤੇ ਸੰਗਤ ਜੀ, ਹੈਰਾਨ ਹੋਵੋਗੇ ਕਿ ਉਮਰ 21 ਸਾਲ ਸਿਰਫ। ਉਹ ਉਡੀਕ ਰਹੀ ਹੈ, ਜੱਥੇ ਦੀ ਸੇਵਾ ਕਰਨੀ ਹੈ ਤੇ ਨਾਲ ਸ੍ਰੀ ਅਨੰਦਪੁਰ ਸਾਹਿਬ ਜਾਣਾ ਹੈ।

ਇਤਿਹਾਸ ਵਿੱਚ ਲਿਖਿਆ ਹੈ ਕਿ ਇੱਕ ਫਿਰਤੂ ਦਸਤਾ, ਫਿਰਤੂ ਦਸਤੇ ਸਰਕਾਰਾਂ ਦੇ ਹੁੰਦੇ ਹਨ, ਇੱਕ ਫਿਰਤੂ ਦਸਤਾ ਫੌਜ ਦਾ ਲੰਘਿਆ, ਮੁਗਲਾਂ ਦਾ ਲੰਘਿਆ, ਉਨ੍ਹਾਂ ਦੀ ਨਜ਼ਰ ਪੈ ਗਈ ਤੇ ਫਿਰਤੂ ਦਸਤੇ ਦਾ ਮੁੱਖੀ ਪੁੱਛਦਾ ਹੈ, ਤੂੰ ਕੌਣ ਹੈ? ਕਹਿਣ ਲੱਗੀ, ਮੈਂ ਸਿੱਖ ਹਾਂ। ਇੱਥੇ ਕਿਉਂ ਖੜ੍ਹੀ ਹੈਂ? ਮਾਝੇ ਤੋਂ ਸੰਗਤਾਂ ਦਾ ਜੱਥਾ ਆ ਰਿਹਾ ਹੈ, ਉਨ੍ਹਾਂ ਦੀ ਸੇਵਾ ਕਰਨੀ ਹੈ। ਕਹਿੰਦੇ ਹਨ ਕਿ ਜਿਹੜਾ ਫਿਰਤੂ ਦਸਤਾ ਸੀ, ਉਸ ਦਾ ਜਿਹੜਾ ਮੁਖੀ, ਉਸ ਦੀ ਨੀਅਤ ਖਰਾਬ ਹੋ ਗਈ। ਜਵਾਨੀ ਵੇਖ ਕੇ ਨੀਅਤ ਖਰਾਬ ਹੋ ਗਈ। ਕਹਿਣ ਲੱਗਾ, ਤੂੰ ਮੇਰੀ ਬੇਗਮ ਬਣ ਜਾ, ਬਹੁਤ ਸਾਰਾ ਰਾਜ ਭਾਗ ਤੈਨੂੰ, ਹੋਰ ਕਈ ਕੁਝ ਮਿਲੇਗਾ। ਇਸ ਬੀਬੀ ਨੇ ਆਖਿਆ, ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਕਿਰਪਾ ਨਾਲ ਮੈਂ ਬਿਜਲੀ ਹਾਂ, ਮੇਰੇ ਨੇੜੇ ਵੀ ਨਾ ਆਈਂ। ਉਹ ਅੱਗੋਂ ਘੋੜੇ ਤੇ ਚੜ੍ਹਿਆ, ਸਾਰਾ ਦਸਤਾ ਵੀ ਘੋੜਿਆਂ ਤੇ, ਬੰਦੂਕਾਂ ਵੀ ਹਨ, ਸਭ ਕੁਝ ਕੋਲ ਹੈ। ਆਪਣੇ ਮਾਣ ਅਭਿਮਾਨ ਵਿੱਚ ਗਲਤ ਨੀਅਤ ਨਾਲ ਅੱਗੇ ਵਧਿਆ ਤੇ ਲਿਖਿਆ ਹੈ ਕਿ ਇਸ ਬੀਬੀ ਨੇ ਆਪਣੀ ਤਿੰਨ ਫੁੱਟ ਵਾਲੀ ਕਿਰਪਾਨ ਕੱਢੀ ਤੇ ਬਿਜਲੀ ਤੋਂ ਵੀ ਤੇਜ਼ ਹੋ ਕੇ ਉਸ ਦਾ ਸਿਰ ਉਸ ਵੇਲੇ ਧੜ ਤੋਂ ਲਾਹ ਦਿੱਤਾ। ਇੰਨੀ ਬੀਬੀ ਵਿੱਚ ਕਿਰਪਾ, ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਸਪਿਰਿਟ ਭਰੀ ਹੋਈ ਸੀ। ਉਸ ਦਾ ਸਿਰ ਲਾਹ ਦਿੱਤਾ। ਹੁਣ ਉਤਾਰਨ ਤੋਂ ਬਾਅਦ ਬੀਬੀ ਦੀਪ ਕੌਰ ਦਾ ਇੰਨਾ ਦਿਮਾਗ ਸਿਰ ਲਾਹੁਣ ਤੋਂ ਬਾਅਦ ਬਿਜਲੀ ਦੀ ਫੁਰਤੀ ਵਾਂਗ ਉਸ ਦੇ ਘੋੜੇ ਤੇ ਆਪ ਚੜ੍ਹ ਗਈ। ਉਸ ਦੀ ਬੰਦੂਕ ਆਪ ਫੜ੍ਹ ਲਈ ਤੇ ਕਹਿੰਦੇ, ਫਿਰ ਜਿੰਨਾ ਦਸਤਾ ਸੀ, ਉਸ ਵਿੱਚੋਂ ਦੋ ਤਿੰਨਾਂ ਨੂੰ ਹੋਰ ਮਾਰ ਦਿੱਤਾ। ਮੁਕਾਬਲਾ ਸ਼ੁਰੂ ਹੋ ਗਿਆ। ਲੁਕਵਾਂ ਵਾਰ, ਲਿਖਿਆ ਹੈ ਕਿ ਉਸੇ ਦਸਤੇ ਦੇ ਇੱਕ ਸਿਪਾਹੀ ਨੇ ਲੁਕਵਾਂ ਵਾਰ ਕੀਤਾ, ਮਗਰੋਂ ਤੇ ਉਸ ਬੀਬੀ ਦੇ ਇੱਕ ਬੰਨੇ ਨੇਜ਼ਾ ਮਾਰਿਆ ਤੇ ਦੂਜੇ ਬੰਨਿਓਂ ਨੇਜ਼ਾ ਬਾਹਰ ਨਿਕਲ ਗਿਆ। ਉਹ ਬੀਬੀ ਜ਼ਖਮੀ ਹੋ ਗਈ ਤਾਂ ਵੀ ਲੜ ਰਹੀ ਹੈ। ਜਿਤਨੇ ਦੋ ਚਾਰ ਰਹਿ ਗਏ ਸੀ, ਸਿਪਾਹੀ, ਭੱਜ ਗਏ। ਇੰਨੇ ਨੂੰ ਉਹ ਜਥਾ ਪਹੁੰਚ ਗਿਆ। ਉਸ ਜਥੇ ਨੇ ਬੀਬੀ ਦੀਪ ਕੌਰ ਨੂੰ ਸੰਭਾਲਿਆ। ਮਲ੍ਹਮ ਪੱਟੀ ਕੀਤੀ ਤੇ ਫੈਸਲਾ ਕੀ ਕੀਤਾ? ਇਸ ਨੂੰ ਸ੍ਰੀ ਅਨੰਦਪੁਰ ਸਾਹਿਬ ਨਾਲ ਖੜ੍ਹਿਆ ਤੇ ਤੰਬੂ ਵਿੱਚ ਅਰਾਮ ਕਰਵਾ ਦਿੱਤਾ। ਔਰ ਇਸ ਜੱਥੇ ਵਿੱਚ ਮਾਝੇ ਦੀਆਂ 50 ਬੀਬੀਆਂ ਸੀ ਤੇ ਬਾਕੀ ਸਾਰੇ ਮਰਦ ਸਨ। ਜਦੋਂ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸਾਰੇ ਜੱਥੇ ਨੇ ਦਰਸ਼ਨ ਕੀਤੇ ਤੇ ਮਹਾਰਾਜ ਜੀ ਉੱਚੀ ਸਾਰੀ ਕਹਿੰਦੇ ਹਨ ਮੇਰੀ ਪਿਆਰੀ ਪੁੱਤਰੀ ਕਿੱਥੇ ਹੈ?

***ਘਟ ਘਟ ਕੇ ਅੰਤਰ ਕੀ ਜਾਨਤ ॥***

***(ਸ੍ਰੀ ਚੌਪਈ ਸਾਹਿਬ)***

ਜਦੋਂ ਮਹਾਰਾਜ ਜੀ ਨੇ ਉੱਚੀ ਸਾਰੀ ਕਿਹਾ, ਮੇਰੀ ਪਿਆਰੀ ਪੁੱਤਰੀ ਕਿੱਥੇ ਹੈ? ਸਾਰੀ ਸੰਗਤ ਵਿੱਚ ਪੰਜਾਹ ਬੀਬੀਆਂ ਦਾ ਵੀ ਜਥਾ ਸੀ, ਮਾਝੇ ਦੀਆਂ। ਉਹ ਆਪਸ ਵਿੱਚ ਇੱਕ ਦੂਜੇ ਵੱਲ ਵੇਖਣ ਲੱਗ

ਪਈਆਂ ਕਿ ਸਾਡੇ ਪੰਜਾਹ ਵਿੱਚੋਂ ਕਿਸ ਨੂੰ ਕਿਹਾ ਹੈ, ਮੇਰੀ ਪਿਆਰੀ ਪੁੱਤਰੀ। ਤੇ ਫਿਰ ਗੁਰੂ ਕਲਗੀਧਰ ਪਿਤਾ ਜੀ ਕਹਿੰਦੇ, ਤੁਸੀਂ ਵੀ ਪਿਆਰੀਆਂ ਹੋ, ਸਾਰੀਆਂ, ਸਤਿਕਾਰਯੋਗ ਹੋ ਪਰ ਮੇਰੀ ਪਿਆਰੀ ਪੁੱਤਰੀ ਜਿਸ ਨੇ ਜ਼ੁਲਮ ਦੇ ਸਾਹਮਣੇ ਬਿਜਲੀ ਵਾਂਗ ਮੁਕਾਬਲਾ ਕੀਤਾ, ਉਸ ਨੂੰ ਤੰਬੂ ਵਿੱਚ ਛੱਡ ਆਏ ਹੋ, ਉਸ ਨੂੰ ਵੀ ਨਾਲ ਲੈ ਕੇ ਆਓ। ਕੁਝ ਸਰੀਰ ਗਏ। ਉਸ ਬੀਬੀ ਨੂੰ ਲੈ ਕੇ ਆਏ ਔਰ ਇਤਿਹਾਸ ਵਿੱਚ ਲਿਖਿਆ ਹੈ, ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਉਸ ਦੀ ਬਾਂਹ ਤੇ ਜਿਹੜਾ ਨੇਜ਼ਾ ਦੂਜੇ ਬੰਨੋਂ ਨਿਕਲ ਆਇਆ ਸੀ, ਗੁਰੂ ਕਲਗੀਧਰ ਪਿਤਾ ਜੀ ਨੇ ਉਸ ਦੀ ਬਾਂਹ ਉੱਤੇ ਸਾਧ ਸੰਗਤ ਜੀ, ਆਪ ਮਲ੍ਹਮ ਪੱਟੀ ਕੀਤੀ। ਮੁੱਖ ਵਿੱਚੋਂ ਬਚਨ ਕੀਤਾ, ਦਾਸ ਪੜ੍ਹ ਕੇ ਹੈਰਾਨ ਹੋ ਗਿਆ। ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕਹਿੰਦੇ, ਮੇਰੀ ਪੁੱਤਰੀ ਉੱਥੇ ਪਹੁੰਚੀ ਹੈ, ਬੜੇ-ਬੜੇ ਜੋਗੀ, ਬੜੇ-ਬੜੇ ਸੰਤ, ਕਈ ਸਾਲਾਂ ਦੀ ਘਾਲਣਾ ਘਾਲ ਕੇ ਜਿੱਥੇ ਪਹੁੰਚਦੇ ਹਨ, ਇਹ ਬੱਚੀ ਉਸ ਅਵਸਥਾ ਵਿੱਚ ਪਹੁੰਚ ਚੁੱਕੀ ਹੈ, ਅਵਸਥਾ ਵਿੱਚ। ਸੰਗਤ ਜੀ, ਇਸ ਬੀਬੀ ਦੇ ਜ਼ਖਮ ਰਾਜ਼ੀ ਹੋਏ। ਇਸ ਬੀਬੀ ਨੂੰ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕੋਲੋਂ ਅਸੀਸਾਂ ਮਿਲੀਆਂ। ਉਹ ਬੈਟਰੀਆਂ ਚਾਰਜ ਹੋਈਆਂ, ਆਪਣੇ ਨਗਰ ਵਾਪਸ ਆਈ, ਕੁਝ ਦਿਨਾਂ ਬਾਅਦ। ਹੁਣ ਧਿਆਨ ਦੇਣਾ ਅਸੀਂ ਸਤਿਕਾਰਤ ਬੀਬੀਆਂ ਦੇ ਜੀਵਨ ਵਿੱਚੋਂ ਕੁਝ ਸਿੱਖਿਆ ਲੈਣੀ ਹੁੰਦੀ ਹੈ। ਜਿਹੜੀਆਂ ਚਾਰ ਪੰਜ ਰਾਈਟਰਾਂ ਨੇ ਜਗ੍ਹਾ ਦਿੱਤੀ ਹੈ, ਭਾਈ ਵੀਰ ਸਿੰਘ ਜੀ ਨੇ ਇੱਕ ਦੋ ਪੰਨੇ ਦਿੱਤੇ ਹਨ, ਬੀਬੀ ਦੀਪ ਕੌਰ ਜੀ ਔਰ ਇਸ ਬੀਬੀ ਦੇ ਜਿਹੜੇ ਗੁਣ ਹਨ, ਉਹ ਆਪ ਜੀ ਨਾਲ ਸਾਂਝੇ ਹੋਣ, ਗੁਰੂ ਸਾਹਿਬ ਸੇਵਾ ਲੈਣ। ਬੜਾ ਕੁਝ ਲੱਭਦਾ ਹੈ। ਇਸ ਨੇ ਆਪਣੇ ਪਿੰਡ ਆ ਕੇ ਕੀ ਕੀਤਾ? ਕਿਹੋ ਜਿਹੀਆਂ ਡਿਊਟੀਆਂ ਨਿਭਾਈਆਂ? ਕਿਹੋ ਜਿਹਾ ਜੀਵਨ ਬਤੀਤ ਕੀਤਾ? ਗੁਰੂ ਸਾਹਿਬ ਸਿਰ ਤੇ ਹੱਥ ਰੱਖ ਵਿਚਾਰ ਸਾਂਝੀ ਕਰਵਾਉਣ:

***ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥***

*(ਅੰਗ ੪੭੩)*

ਸੱਤ ਗੁਣ ਲਿਖੇ ਹਨ ਇਸ ਬੀਬੀ ਬਾਰੇ ਰਾਈਟਰਾਂ ਨੇ। ਇਹ ਸੱਤ ਕੰਮ ਵੱਡੇ ਕੀਤੇ, ਸੰਗਤ ਜੀ ਧਿਆਨ ਦੇਣਾ। ਆਪਣੇ ਪਿੰਡ ਤਲਵਨ ਜਲੰਧਰ ਦੇ ਕੋਲ, ਉੱਥੇ ਪਹੁੰਚ ਕੇ ਸਹੁਰਾ ਪਿੰਡ ਹੈ ਇਨ੍ਹਾਂ ਦਾ। ਇਸ ਬੀਬੀ ਦੀਪ ਕੌਰ ਜੀ ਨੇ ਪਹਿਲਾ ਕਾਰਜ ਕੀਤਾ? ਧਿਆਨ ਦੇਣਾ। ਜੋ ਸਿੱਖੀ ਦੀਆਂ ਵਿਸ਼ੇਸ਼ਤਾਈਆਂ ਹਨ, ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਚਰਨਾਂ ਵਿੱਚੋਂ ਗ੍ਰਹਿਣ ਕੀਤੀਆਂ, ਆਪਣੇ ਆਂਢ-ਗੁਆਂਢ ਵਿੱਚ ਉਨ੍ਹਾਂ ਵਿਸ਼ੇਸ਼ਤਾਈਆਂ ਨੂੰ ਵੰਡਿਆ। ਵੇਖੋ, ਜਿਹੜੀਆਂ ਸਿੱਖੀ ਦੀਆਂ ਵਿਸ਼ੇਸ਼ਤਾਈਆਂ ਗੁਰੂ ਸਾਹਿਬ ਦੇ ਚਰਨਾਂ ਦੇ ਵਿੱਚੋਂ ਗ੍ਰਹਿਣ ਕੀਤੀਆਂ, ਉਹ ਕੋਲ ਨਹੀਂ ਰੱਖੀਆਂ, ਉਨ੍ਹਾਂ ਨੂੰ ਆਂਢ-ਗੁਆਂਢ ਵਿੱਚ, ਆਪਣੇ ਨਗਰ ਵਿੱਚ ਵੰਡਣਾ ਕੀਤਾ। ਇਹ ਬੜੀ ਪਿਆਰੀ ਗੱਲ ਹੈ। ਥੋੜ੍ਹੀ-ਥੋੜ੍ਹੀ ਡਿਊਟੀ ਉਸ ਦੀ ਬਖਸ਼ਿਸ਼ ਦੇ ਖਾਤੇ ਵਿੱਚੋਂ ਨਿਭਾਇਆ ਕਰੋ। ਜਿਹੜਾ ਸਿੱਖੀ ਦਾ ਇੰਨਾ ਮਾਰਗ ਹੈ, ਅਰਦਾਸ ਕਰਿਆ ਕਰੋ, ਉਸ ਵਿੱਚ ਉਸ ਮਾਰਗ ਨੂੰ ਵੰਡਣ ਦੀ ਸੇਵਾ ਮਹਾਰਾਜ ਜੀ ਸਾਡੇ ਕੋਲੋਂ ਵੀ ਲੈਣ।

ਕੁਝ ਸਮਾਂ ਪਹਿਲਾਂ ਦਾਸ ਕਾਨਪੁਰ ਗਿਆ ਸੀ। ਉੱਥੇ ਸੰਗਤ ਆਈ, ਲਖਨਊ ਤੋਂ। ਲਖਨਊ ਤੋਂ ਕੀਰਤਨ ਸੁਣਨ ਆਏ, ਪਿਆਰ ਵਿੱਚ। ਸੜਕ ਰਾਹੀਂ ਦੋ ਢਾਈ ਘੰਟੇ ਦਾ ਰਾਹ ਹੈ। ਪੰਦਰਾਂ ਵੀਹ ਸਰੀਰ ਆਏ ਸੀ ਤੇ ਦਾਸ ਨੇ ਫਿਰ ਬੇਨਤੀ ਕੀਤੀ, ਦਾਸ ਨੇ ਕਿਹਾ ਕਿ ਤੁਸੀਂ ਲਖਨਊ ਤੋਂ ਆਏ ਹੋ ਤੇ ਕੁਝ ਵਣਜ ਕਰ ਲਈਏ। ਕਹਿੰਦੇ, ਕੀ? ਦਾਸ ਨੇ

ਬੇਨਤੀ ਕੀਤੀ ਕਿ ਲਖਨਊ ਵਿੱਚ ਯਤਨ ਕਰੋ, ਸੱਤ ਦਿਨਾਂ ਵਿੱਚੋਂ ਇੱਕ ਦਿਨ ਇਹੋ ਜਿਹਾ ਰੱਖ ਲਓ ਕਿ ਅੰਮ੍ਰਿਤ ਵੇਲੇ ਦੋ ਘੰਟੇ ਇਕੱਠਿਆਂ ਹੋ ਕੇ ਗੁਰੂ ਸਾਹਿਬ ਦੇ ਚਰਨਾਂ ਵਿੱਚ ਜੁੜਿਆ ਕਰੋ। ਗੁਰੂ ਸਾਹਿਬ ਦੇ ਗੁਣ ਗਾਉਣ ਲਈ, ਪਾਠ ਕਰ ਲਓ, ਵਾਹਿਗੁਰੂ ਸਿਮਰਨ ਕਰ ਲਓ ਜਾਂ ਕੀਰਤਨ ਕਰ ਲਓ। ਉਨ੍ਹਾਂ ਨੇ ਉੱਥੇ ਜੈਕਾਰਾ ਬੁਲਾ ਦਿੱਤਾ। ਫਿਰ ਕੁਝ ਦਿਨਾਂ ਬਾਅਦ ਉਨ੍ਹਾਂ ਦਾ ਫੋਨ ਆਇਆ, ਹਫਤੇ ਵਿੱਚ ਦੋ ਦਿਨ ਉਨ੍ਹਾਂ ਪੱਕੇ ਕਰ ਦਿੱਤੇ ਹਨ, ਸਵੇਰੇ ਦੋ ਘੰਟੇ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਹਜ਼ੂਰੀ ਵਿੱਚ ਅੰਮ੍ਰਿਤ ਵੇਲੇ ਗੁਰੂ ਸਾਹਿਬ ਦੀ ਕਿਰਪਾ ਨਾਲ ਜੁੜਨਾ ਸ਼ੁਰੂ ਕਰ ਦਿੱਤਾ ਹੈ। ਧਿਆਨ ਦੇਣਾ, ਇੰਨਾ ਕਹਿਣ ਨਾਲ ਹੀ ਕੋਈ ਤੁਰ ਪਿਆ, ਇਹ ਧੰਨ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਜੀ ਦੀ ਖੁਸ਼ੀ ਹੈ। ਹੁਣ ਦਾਸ ਜਿਹੜੀ ਗੱਲ ਆਪ ਜੀ ਨਾਲ ਸਾਂਝੀ ਕਰਨੀ ਚਾਹੁੰਦਾ ਹੈ। ਦਾਸ ਨੇ ਫਿਰ ਉਨ੍ਹਾਂ ਤੋਂ ਪੁੱਛਿਆ ਕਿ ਸਵੇਰੇ ਪੰਜ ਸਾਢੇ ਪੰਜ ਇੰਨੇ ਚਾਲੀ ਪੰਜਾਹ ਸਰੀਰ ਕਿਵੇਂ ਇਕੱਠੇ ਹੋ ਜਾਂਦੇ ਹੋ? ਕਹਿਣ ਲੱਗੇ, ਸਾਡੇ ਵਿੱਚੋਂ ਦੋ ਬੰਦਿਆਂ ਨੇ ਡਿਊਟੀ ਲਈ ਹੈ। ਉਹ ਆਪਣੀ ਗੱਡੀ ਲੈ ਕੇ ਜਾਂਦੇ ਤੇ ਘਰ-ਘਰ ਜਾ ਕੇ ਹਾਰਨ ਦਿੰਦੇ ਹਨ। ਦਸਾਂ ਬਾਰ੍ਹਾਂ ਸਰੀਰਾਂ ਨੂੰ ਇੱਕ ਗੱਡੀ ਵਾਲਾ ਲੈ ਕੇ ਆਉਂਦਾ ਹੈ। ਗੱਲ ਸਮਝਣਾ। ਆਪਣੇ ਪਿਤਾ ਜੀ ਦੇ ਘਰ ਦੇ ਪ੍ਰਚਾਰ ਲਈ ਅਜਿਹਾ ਕਰਨਾ। ਆਪਣੇ ਜੁੜਨ ਲਈ ਵੀ ਅਤੇ ਇਸ ਘਰ ਦਾ ਪ੍ਰਚਾਰ ਘਰ ਘਰ ਪਹੁੰਚੇ, ਉਸ ਲਈ ਆਪਣੀਆਂ ਗੱਡੀਆਂ ਵੀ ਇੰਝ ਹਫਤੇ ਵਿੱਚ ਦੋ ਚਾਰ ਘੰਟੇ, ਸਾਧ ਸੰਗਤ ਜੀ, ਇਸ ਪਾਸੇ ਲਗਾਉਣੀਆਂ ਪੈ ਜਾਣ ਤੇ ਗੁਰੇਜ਼ ਨਾ ਕਰਨਾ। ਇਸ ਵਿੱਚ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਖੁਸ਼ੀ ਹੁੰਦੀ ਹੈ, ਇਸ ਵਿੱਚ ਪਿਤਾ ਜੀ ਦੀ ਖੁਸ਼ੀ ਹੁੰਦੀ ਹੈ। ਇੱਕ ਹੈ, ਤੁਸੀਂ ਆਪਣਾ ਜੀਵਨ ਬਣਾਉਣਾ। ਇੱਕ ਹੈ, ਹੁਣ ਇਹੋ ਜਿਹਾ ਪਿਆਰ ਆ ਗਿਆ ਹੈ ਕਿ ਮੇਰੇ ਗੁਰੂ ਸਾਹਿਬ ਦਾ ਜਿਹੜਾ ਇੰਨਾ ਉੱਚਾ ਮਾਰਗ ਹੈ, ਮੈਂ ਹੋਰਨਾਂ ਨੂੰ ਵੀ ਵੰਡਾਂ, ਆਂਢ-ਗੁਆਂਢ ਵਿੱਚ ਵੀ ਵੰਡਾਂ, ਰਿਸ਼ਤੇਦਾਰੀ ਵਿੱਚ ਵੀ ਵੰਡਾਂ। ਹੋਰ ਵੀ ਟੁੱਟੇ ਇਸ ਸੱਚੇ ਘਰ ਨਾਲ ਜੁੜਨ। ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਨਾਲ ਜੁੜਨ। ਅੱਜ ਇਸ ਦੀ ਲੋੜ ਹੈ। ਅਗਰ ਤੁਹਾਡੇ ਵਿੱਚੋਂ ਕੋਈ ਇਹ ਉਪਰਾਲੇ ਕਰ ਰਿਹਾ ਹੈ ਤੇ ਸਮਝ ਲੈਣਾ, ਧੰਨ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਦੇ ਸਿਧਾਂਤ ਵਿੱਚ ਉਹ ਆਪਣਾ ਸਹਿਯੋਗ ਦੇ ਰਿਹਾ ਹੈ, ਆਪਣੀ ਹਾਜ਼ਰੀ ਲਗਾ ਰਿਹਾ ਹੈ। ਇਹ ਬੀਬੀ ਦਾ ਪਹਿਲਾ ਗੁਣ ਸੀ।

ਹੁਣ ਦੂਜਾ ਗੁਣ ਇਸ ਵੱਲ ਧਿਆਨ ਦੇਣਾ। ਰਾਈਟਰਾਂ ਨੇ ਲਿਖਿਆ ਹੈ ਕਿ ਬੀਬੀ ਦੀਪ ਕੌਰ ਕਥਨੀ ਤੇ ਕਰਨੀ ਦੀ ਪੂਰੀ ਹੋਣ ਕਰਕੇ ਗੈਰ ਸਿੱਖ ਔਰਤਾਂ ਵੀ ਇਸ ਜੱਥੇ ਵਿੱਚ ਸ਼ਾਮਿਲ ਹੋ ਗਈਆਂ। ਜਿਹੜੇ ਸਿੱਖ ਪਰਿਵਾਰ ਨਹੀਂ ਵੀ, ਉਹ ਵੀ ਬੀਬੀਆਂ ਇਸ ਦੇ ਜੱਥੇ ਵਿੱਚ ਸ਼ਾਮਿਲ ਹੋ ਗਈਆਂ ਕਿਉਂ? ਇਨ੍ਹਾਂ ਦੀ ਕਥਨੀ ਤੇ ਕਰਨੀ ਵੇਖ ਕੇ। ਇਨ੍ਹਾਂ ਦੀ ਕਮਾਈ ਵੇਖ ਕੇ, ਸੱਚਾਈ ਵੇਖ ਕੇ।

ਤੀਜਾ ਲਿਖਿਆ ਹੈ- ਇਸ ਬੀਬੀ ਨੇ ਬਹੁਤ ਸਾਰੀਆਂ ਬੀਬੀਆਂ ਨੂੰ ਆਪਣੀ ਰਾਖੀ ਆਪ ਕਰਨ ਦੀ ਜਾਚ ਸਿਖਾਈ। ਆਪਣੀ ਸਵੈ ਰਾਖੀ ਕਿਵੇਂ ਕਰਨੀ ਹੈ, ਜੇ ਕੋਈ ਸਮਾਂ ਇਹੋ ਜਿਹਾ ਬਣ ਜਾਵੇ। ਇਸ ਬੀਬੀ ਨੇ ਹੋਰਨਾਂ ਬੀਬੀਆਂ ਨੂੰ ਆਪਣੀ ਸਵੈ ਰਾਖੀ ਕਰਨ ਦੀ ਜਾਚ ਸਿਖਾਈ।

ਹੁਣ ਚੌਥੀ ਗੱਲ ਧਿਆਨ ਦੇਣ ਵਾਲੀ ਹੈ, ਕਿਉਂਕਿ ਦਾਸ ਨੇ ਨੋਟ ਕੀਤਾ ਹੈ ਕਿ ਕੋਈ ਬੰਦਾ ਚੰਗਾ ਕੰਮ ਕਰੇ, ਉਸਤਤ ਵੀ ਹੁੰਦੀ ਹੈ ਤੇ ਨਿੰਦਿਆ ਵੀ ਹੁੰਦੀ ਹੈ। ਕਈਆਂ ਨੂੰ ਬਰਦਾਸ਼ਤ ਕਰਨਾ ਵੀ

ਔਖਾ ਹੁੰਦਾ ਹੈ। ਹੁਣ ਇੱਥੇ ਤੁਸੀਂ ਬੀਬੀ ਦਾ ਗੁਣ ਲੈਣਾ ਜਿਹੜਾ ਰਾਈਟਰਾਂ ਨੇ ਲਿਖਿਆ ਹੈ। ਇਸ ਬੀਬੀ ਦਾ ਇਹ ਗੁਣ ਵੇਖ ਕੇ ਕਿ ਬੀਬੀਆਂ ਨੂੰ ਸਵੈ ਰੱਖਿਆ ਦੀ ਜਾਚ ਸਿਖਾਈ ਤੇ ਕੁਝ ਵੱਡੀਆਂ ਉਮਰ ਵਾਲੀਆਂ ਬੀਬੀਆਂ ਨੇ ਵਿਰੋਧ ਕੀਤਾ। ਕਹਿਣ ਲੱਗੀਆਂ ਕਿ ਤੂੰ ਸਾਡੀਆਂ ਧੀਆਂ ਨੂੰ ਵਿਗਾੜ ਰਹੀ ਹੈਂ। ਹੁਣ ਜਦੋਂ ਕੋਈ ਵਿਰੋਧ ਕਰੇ, ਨਿੰਦਿਆ ਕਰੇ, ਉਦੋਂ ਬੰਦੇ ਨੂੰ ਗੁੱਸਾ ਆਉਂਦਾ ਹੈ। ਇਸ ਬੀਬੀ ਦੀਪ ਕੌਰ ਨੇ ਉਨ੍ਹਾਂ ਦੀ ਨਿੰਦਿਆ ਦਾ, ਉਨ੍ਹਾਂ ਦੇ ਗੁੱਸੇ ਦਾ ਨਾ ਤਾਂ ਵਿਰੋਧ ਕੀਤਾ, ਨਾ ਗੁੱਸਾ ਕੀਤਾ ਤੇ ਨਾ ਹੀ ਉਨ੍ਹਾਂ ਨਾਲ ਬਹਿਸ ਕੀਤੀ। ਜਿਹੜੀਆਂ ਬੀਬੀਆਂ ਨੇੜੇ ਸੀ, ਉਨ੍ਹਾਂ ਨੇ ਆਖਿਆ ਕਿ ਉਹ ਵਿਰੋਧ ਕਰ ਰਹੀਆਂ ਹਨ ਤੇ ਤੁਸੀਂ ਉਨ੍ਹਾਂ ਦੇ ਵਿਰੋਧ ਦਾ ਨਾ ਤਾਂ ਗੁੱਸਾ ਕਰ ਰਹੇ ਹੋ ਨਾ ਹੀ ਬਹਿਸ ਕਰ ਰਹੇ ਹੋ। ਤੁਸੀਂ ਵੀ ਜਵਾਬ ਦਿਓ। ਰਾਈਟਰਾਂ ਨੇ ਲਿਖਿਆ ਹੈ, ਇਸ ਬੀਬੀ ਨੇ ਕੀ ਜਵਾਬ ਦਿੱਤਾ, ਨਿੰਦਿਆ ਨੂੰ ਕਦੀ ਵੀ ਨਿੰਦਿਆ ਨਾਲ ਨਹੀਂ ਕੱਟਣਾ ਚਾਹੀਦਾ। ਤੁਹਾਡੇ ਕੰਮ ਕਰਨ ਪਿੱਛੇ ਨੀਅਤ ਨੇਕ ਹੋਵੇ, ਤੁਹਾਡੇ ਕੰਮ ਕਰਨ ਪਿੱਛੇ ਭਾਈਚਾਰਾ ਵਧਦਾ ਹੋਵੇ, ਤੁਹਾਡੇ ਕੰਮ ਕਰਨ ਪਿੱਛੇ ਨੀਅਤ ਸਾਫ ਹੋਵੇ, ਕੰਮ ਸਹੀ ਹੋਵੇ, ਤੁਸੀਂ ਕਦੀ ਵੀ ਆਪਣੇ ਕੰਮ ਨੂੰ ਨਾ ਰੋਕੋ, ਨਿੰਦਿਆ ਕਰਨ ਵਾਲਿਆਂ ਵੱਲ ਧਿਆਨ ਨਾ ਦਿਓ, ਜਦੋਂ ਤੱਕ ਤੁਹਾਡੇ ਚੰਗੇ ਕੰਮ ਨਾਲ ਦੂਜਿਆਂ ਦਾ ਭਲਾ ਹੋਣਾ ਸ਼ੁਰੂ ਹੋ ਜਾਵੇਗਾ, ਨਿੰਦਿਆ ਕਰਨ ਵਾਲੇ ਵੀ ਤੁਹਾਡੇ ਪ੍ਰਸੰਸਕ ਬਣ ਜਾਣਗੇ। ਧਿਆਨ ਦੇਣਾ। ਬੜੀ ਵੱਡੀ ਗੱਲ ਹੈ। ਨਿੰਦਿਆ ਨੂੰ ਕਦੀ ਨਿੰਦਿਆ ਨਾਲ ਨਹੀਂ ਕੱਟਣਾ ਚਾਹੀਦਾ। ਤੁਹਾਡੇ ਕੰਮ ਕਰਨ ਪਿੱਛੇ ਨੀਅਤ ਨੇਕ ਹੈ, ਭਾਈਚਾਰਾ ਵੱਧ ਰਿਹਾ ਹੈ ਤੇ ਕੰਮ ਚੰਗਾ ਹੋ ਰਿਹਾ ਹੈ, ਆਪਣੇ ਕੰਮ ਨੂੰ ਤੋਰੀ ਰੱਖੋ। ਜਦੋਂ ਉਸ ਕੰਮ ਦਾ ਰਿਜ਼ਲਟ ਬਾਹਰ ਆਵੇਗਾ, ਉਸ ਕੰਮ ਨਾਲ ਦੁਨੀਆਂ ਦਾ ਭਲਾ ਨਜ਼ਰ ਆਵੇਗਾ ਤੇ ਵਿਰੋਧਤਾ ਕਰਨ ਵਾਲੇ ਵੀ ਤੇਰੇ ਪ੍ਰਸੰਸਕ ਬਣ ਜਾਣਗੇ।

**ਨਿੰਦਿਆ ਨੂੰ ਕਦੀ ਨਿੰਦਿਆ ਨਾਲ ਨਹੀਂ ਕੱਟਣਾ ਚਾਹੀਦਾ। ਤੁਹਾਡੇ ਕੰਮ ਕਰਨ ਪਿੱਛੇ ਨੀਅਤ ਨੇਕ ਹੈ, ਭਾਈਚਾਰਾ ਵੱਧ ਰਿਹਾ ਹੈ ਤੇ ਕੰਮ ਚੰਗਾ ਹੋ ਰਿਹਾ ਹੈ, ਆਪਣੇ ਕੰਮ ਨੂੰ ਤੋਰੀ ਰੱਖੋ। ਜਦੋਂ ਉਸ ਕੰਮ ਦਾ ਰਿਜ਼ਲਟ ਬਾਹਰ ਆਵੇਗਾ, ਉਸ ਕੰਮ ਨਾਲ ਦੁਨੀਆਂ ਦਾ ਭਲਾ ਨਜ਼ਰ ਆਵੇਗਾ ਤੇ ਵਿਰੋਧਤਾ ਕਰਨ ਵਾਲੇ ਵੀ ਤੇਰੇ ਪ੍ਰਸੰਸਕ ਬਣ ਜਾਣਗੇ।**

ਹੁਣ ਗੁਰੂ ਸਾਹਿਬ ਤਰਸ ਕਰਕੇ ਇਸ ਫੁਲਵਾੜੀ ਤੋਂ ਸੇਵਾ ਲੈਂਦੇ ਹਨ। ਹਰ ਚਾਰ ਪੰਜ ਮਹੀਨੇ ਬਾਅਦ ਖੁੱਲ੍ਹੇ ਪਾਠ ਕਰਦੇ ਹਾਂ, ਗੁਰਮੰਤਰ ਜਾਪ, ਜਪੁਜੀ ਸਾਹਿਬ ਦੇ ਪਾਠ, ਸਹਿਜ ਪਾਠ ਫਿਰ ਅਰਦਾਸ ਹੁੰਦੀ ਹੈ। ਦਾਸ ਨੂੰ ਫਿਰ ਕਈਆਂ ਨੇ ਕਿਹਾ ਹੈ, ਕਹਿੰਦੇ, ਕਈਆਂ ਨੂੰ ਬਰਦਾਸ਼ਤ ਨਹੀਂ ਹੁੰਦਾ ਤੇ ਟੀ.ਵੀ. ਤੇ ਆਪਣੀ ਕਥਾ ਵਿੱਚ ਇਹ ਨਿੰਦਿਆ ਕਰ ਜਾਂਦੇ ਹਨ ਕਿ ਗਿਣਤੀ ਕਿਉਂ ਕਰਦੇ ਹੋ। ਦਾਸ ਕੀ ਦੱਸੇ। ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਾਜ਼ਰ ਨਾਜ਼ਰ ਹਨ। ਕੁਝ ਦਿਨਾਂ ਦੀ ਗੱਲ ਹੈ। ਇੱਕ ਡਾਕਟਰ ਨੂੰ ਦਾਸ ਨੇ ਫੋਨ ਕੀਤਾ, ਪੜ੍ਹੀ ਲਿਖੀ ਡਾਕਟਰ। ਔਰ ਉਸ ਡਾਕਟਰ ਨੇ ਫਤਹਿ ਬੁਲਾਈ। ਉਸ ਤੋਂ ਬਾਅਦ ਉਸ ਦੇ ਲਫਜ਼ ਸੀ, ਜੋ ਵੀ ਸ਼ਰਧਾ ਵਾਲੇ ਲਫਜ਼ ਵਰਤੇ, ਮੈਂ ਆਪਣੇ ਆਪ ਨੂੰ ਭਾਗਾਂ ਵਾਲੀ ਸਮਝਦੀ ਹਾਂ ਕਿ ਤੁਹਾਡੇ ਨਾਲ ਗੱਲ ਹੋ ਰਹੀ ਹੈ। ਉਸ ਤੋਂ ਬਾਅਦ ਤੀਜੇ ਲਫਜ਼ ਸੀ। ਉਹ ਕਹਿਣ ਲੱਗੀ ਕਿ ਮੈਨੂੰ ਆਪਣੀ ਜ਼ਿੰਦਗੀ ਵਿੱਚ ਪਤਾ ਹੀ ਨਹੀਂ ਸੀ, ਮੂਲ

ਮੰਤਰ ਹੁੰਦਾ ਕੀ ਹੈ। ਤੁਹਾਡੇ ਵਿੱਚੋਂ ਕੋਈ ਬੀਬੀ ਹੋਵੇਗੀ ਜਿਸ ਨੇ ਡਾਕਟਰ ਨੂੰ ਪ੍ਰੇਰਨਾ ਦਿੱਤੀ ਹੋਵੇਗੀ। ਇੰਨੀ ਤਾਰੀਖ ਨੂੰ ਅਰਦਾਸ ਹੋਣੀ ਹੈ ਤੇ ਆਪ ਜੀ ਕਿੰਨਾ ਜਾਪ ਕਰੋਗੇ। ਕਿਸੇ ਨੇ ਲਿਖਾਇਆ ਹੋਵੇਗਾ, ਲਿਖਾਉਣ ਤੋਂ ਬਾਅਦ ਉਸ ਨੇ ਕੀਤਾ ਹੋਵੇਗਾ ਤੇ ਜਦੋਂ ਹਾਜ਼ਰੀ ਲਗਾਈ ਤੇ ਫਿਰ ਉਹ ਜੁੜ ਗਈ। ਹੁਣ ਇਸ਼ਾਰਾ ਲੈਣਾ। ਇਹ ਜਿੰਨੀਆਂ ਸੰਗਤਾਂ ਜਦੋਂ ਚੰਗੇ ਕੰਮ ਦਾ ਰਿਜ਼ਲਟ ਬਾਹਰ ਆਵੇਗਾ, ਵਿਰੋਧਤਾ ਕਰਨ ਵਾਲੇ ਵੀ ਪ੍ਰਸੰਸਕ ਬਣ ਜਾਣਗੇ। ਇਹ ਸੰਗਤ ਨੂੰ ਦਾਸ ਇਸ਼ਾਰਾ ਦੇ ਰਿਹਾ ਹੈ। ਜਿਹੜੇ ਕਈ ਵਾਰ ਟੀ.ਵੀ. ਤੇ ਕਹਿ ਜਾਂਦੇ ਹਨ, ਗਿਣਤੀ ਕਿਉਂ ਕਰਦੇ ਹੋ। ਦਾਸ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਬੇਨਤੀ ਕਰ ਰਿਹਾ ਹੈ, ਸੰਤ ਜਰਨੈਲ ਸਿੰਘ ਜੀ ਭਿੰਡਰਾਂ ਵਾਲੇ ਮਹਾਂਪੁਰਸ਼, ਉਹ ਵੀ ਦੱਸਦੇ ਸੀ, ਕਈ ਵਾਰ ਕਥਾ ਵਿੱਚ, ਜਿਹੜੇ ਸਾਡੇ ਮੁਰਸ਼ਦ ਹੋਏ ਹਨ, ਉਨ੍ਹਾਂ ਨੇ ਸਾਨੂੰ ਆਖਿਆ ਸੀ, ਇੰਨੇ ਪਾਠ ਜਪੁਜੀ ਸਾਹਿਬ ਦੇ ਰੋਜ਼ ਤੁਸੀਂ ਹਾਜ਼ਰੀ ਲਗਾਉਣੀ ਹੈ, ਕੀ ਇਹ ਗਿਣਤੀ ਨਹੀਂ। ਫਿਰ ਉਹ ਰੋਜ਼ ਕਰਦੇ ਸੀ। ਫਿਰ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ, ਉਨ੍ਹਾਂ ਕੋਲ ਕੋਈ ਸੇਵਕ ਆਉਂਦਾ ਸੀ, ਕੋਈ ਭਰਤੀ ਹੁੰਦਾ ਸੀ ਤੇ ਉਸ ਨੂੰ ਕਹਿੰਦੇ ਸੀ, ਛੇ ਮਹੀਨੇ, ਗੋਲ ਦਸਤਾਰ ਨਹੀਂ ਸੀ ਬੰਨਣ ਦਿੰਦੇ, ਛੇ ਮਹੀਨੇ 25 ਪਾਠ ਜਪੁਜੀ ਸਾਹਿਬ ਰੋਜ਼ ਦੀ ਤੇਰੀ ਹਾਜ਼ਰੀ। ਜਦੋਂ ਛੇ ਮਹੀਨੇ ਲਗਾਤਾਰ ਇਸ ਤਰ੍ਹਾਂ ਲਗਾਏਗਾ, ਗੋਲ ਦਸਤਾਰ ਉਦੋਂ ਸਜਾਉਣੀ ਹੈ। ਧਿਆਨ ਦੇਣਾ। ਕੀ ਇਹ ਗਿਣਤੀ ਨਹੀਂ? ਦਾਸ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਬੇਨਤੀ ਕਰ ਰਿਹਾ ਹੈ, ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਕਈ ਸਿੰਘ ਸਾਹਿਬ ਉਨ੍ਹਾਂ ਨੇ ਆਪ ਮੁੱਖ ਵਿੱਚੋਂ ਦੱਸਿਆ ਹੈ, ਸਾਡੀ ਭਿੰਡਰਾਂ ਵਾਲੀ ਟਕਸਾਲ ਦੇ ਮਹਾਂਪੁਰਸ਼ਾਂ ਨੇ ਸਾਡੇ ਤੇ ਬੈਨ ਲਗਾਇਆ ਸੀ ਤੇ ਆਪ ਵੀ ਉਨ੍ਹਾਂ ਨੇ ਆਪਣੇ ਤੇ ਬੈਨ ਲਗਾਇਆ ਸੀ, ਇੰਨੀ ਹਾਜ਼ਰੀ, ਇੰਨੇ ਪਾਠ ਜਪੁਜੀ ਸਾਹਿਬ ਦੀ ਭਰਨੀ ਹੈ, ਵੱਡੇ-ਵੱਡੇ ਮਹਾਂਪੁਰਸ਼ ਵੀ ਆਪਣੇ ਤੇ ਗਿਣਤੀ ਦਾ ਬੈਨ ਲਗਾਉਂਦੇ ਸੀ। ਸੰਤ ਅੱਤਰ ਸਿੰਘ ਜੀ ਮਸਤੂਆਣੇ ਵਾਲਿਆਂ ਨੇ ਗੋਦਾਵਰੀ ਦੇ ਕਿਨਾਰੇ ਸਵਾ ਲੱਖ ਜਪੁਜੀ ਸਾਹਿਬ ਦੇ ਕਰਨੇ, ਕੀ ਇਹ ਗਿਣਤੀ ਨਹੀਂ। ਇਹ ਭਾਈ ਪਿੰਦਰਪਾਲ ਸਿੰਘ ਜੀ ਨੇ ਆਪ ਬਚਨ ਸੁਣਾਇਆ ਹੈ। ਫਿਰ ਸ਼ਿਕਾਰ ਘਾਟ ਅਰਦਾਸ ਕੀਤੀ, 25000 ਪਾਠ ਜਪੁਜੀ ਸਾਹਿਬ ਦੀ ਸੇਵਾ ਲਓ, ਦਰਸ਼ਨ ਚਾਹੀਦੇ ਹਨ। ਕੀ ਇਹ ਗਿਣਤੀ ਨਹੀਂ? ਫਿਰ ਨਗੀਨਾ ਘਾਟ ਸਾਹਿਬ ਸੰਤ ਅੱਤਰ ਸਿੰਘ ਜੀ ਨੇ ਅਰਦਾਸ ਕੀਤੀ, ਸਵਾ ਲੱਖ ਮੂਲ ਮੰਤਰ ਜਾਪ ਦੀ ਸੇਵਾ ਲਓ, ਕੀ ਇਹ ਗਿਣਤੀ ਨਹੀਂ? ਫਿਰ ਦੁਬਾਰਾ ਆ ਗਏ ਸ਼ਿਕਾਰ ਘਾਟ, ਸਵਾ ਲੱਖ ਜਾਪ

***ਗੋਬਿੰਦੇ ॥ ਮੁਕੰਦੇ ॥ ਉਦਾਰੇ ॥ ਅਪਾਰੇ ॥੯੪॥***
***ਹਰੀਅੰ ॥ ਕਰੀਅੰ ॥ ਨ੍ਰਿਨਾਮੇ ॥ ਅਕਾਮੇ ॥੯੫॥***

*(ਸ੍ਰੀ ਜਾਪੁ ਸਾਹਿਬ)*

ਕੀ ਇਹ ਗਿਣਤੀ ਨਹੀਂ। ਦਾਸ ਨੂੰ ਬੀਬੀ ਦੀਪ ਕੌਰ ਦਾ ਬਚਨ ਬੜਾ ਚੰਗਾ ਲੱਗਾ, ਕਹਿੰਦੇ ਨਿੰਦਿਆ ਨੂੰ ਨਿੰਦਿਆ ਨਾਲ ਨਹੀਂ ਮਾਰਨਾ। ਤੁਸੀਂ ਜਿਹੜਾ ਚੰਗਾ ਕੰਮ ਕਰ ਰਹੇ ਹੋ, ਉਸ ਦਾ ਜਦੋਂ ਰਿਜ਼ਲਟ ਬਾਹਰ ਆਵੇਗਾ, ਬੱਚਾ ਬੱਚਾ ਜੁੜੇਗਾ, ਵੱਡਾ ਛੋਟਾ ਜੁੜੇਗਾ ਤੇ ਨਿੰਦਿਆ ਕਰਨ ਵਾਲੇ ਵੀ ਪ੍ਰਸੰਸਕ ਬਣ ਜਾਣਗੇ। ਇੱਕ ਵਾਰੀ ਇਹ ਪੰਕਤੀ ਪੜ੍ਹੋ ਤੇ ਫਿਰ ਗੁਰੂ ਸਾਹਿਬ ਅਗਲੇ ਤਿੰਨ ਗੁਣਾਂ ਦੀ ਸੇਵਾ ਲੈਣ:

***ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥***

*(ਅੰਗ ੪੭੩)*

ਜਦੋਂ ਪੰਜਵਾਂ ਗੁਣ ਦਾਸ ਨੇ ਪੜ੍ਹਿਆ ਤੇ

ਸ਼ੁਕਰਾਨਾ ਕੀਤਾ। ਬੀਬੀਓ, ਇਨਕਲਾਬ ਲਿਆ ਦਿਓ ਜ਼ਿੰਦਗੀ ਵਿੱਚ। ਇਹ ਬੀਬੀ ਦੀਪ ਕੌਰ ਜੀ ਦਾ ਪੰਜਵਾਂ ਗੁਣ ਲਿਖਿਆ ਹੈ ਕਿ ਇਨ੍ਹਾਂ ਨੇ ਜਥਾ ਬਣਾਇਆ। ਸੁਸਾਇਟੀ ਬਣਾਈ। ਜਿਵੇਂ ਤੁਸੀਂ ਬਣਾਉਂਦੇ ਹੋ ਤੇ ਜਥਾ ਬਣਾ ਕੇ, ਉਸ ਜਥੇ ਵਿੱਚ ਲੋਕ ਭਲਾਈ ਦਾ ਕਾਰਜ ਸ਼ੁਰੂ ਕੀਤਾ। ਇਹ ਧੀ ਹੈ, ਗੁਰੂ ਕਲਗੀਧਰ ਪਿਤਾ ਜੀ ਦੀ। ਲੋਕ ਭਲਾਈ ਦਾ ਕਾਰਜ ਸ਼ੁਰੂ ਕੀ ਕੀਤਾ? ਬਜ਼ੁਰਗ ਔਰਤਾਂ ਜਿਨ੍ਹਾਂ ਦਾ ਕੋਈ ਵਾਲੀ ਵਾਰਸ ਹੈ ਹੀ ਨਹੀਂ, ਬਜ਼ੁਰਗ ਔਰਤਾਂ ਜਿਨ੍ਹਾਂ ਨੂੰ ਕੋਈ ਸੰਭਾਲਣ ਵਾਲਾ ਨਹੀਂ, ਅੱਗੇ ਲਿਖਿਆ ਹੈ, ਵਿਧਵਾ ਔਰਤਾਂ ਜਿਨ੍ਹਾਂ ਨੂੰ ਕੋਈ ਸੰਭਾਲਣ ਵਾਲਾ ਨਹੀਂ, ਫਿਰ ਲਿਖਿਆ ਹੈ, ਵਿਧਵਾ ਔਰਤਾਂ ਜਿਨ੍ਹਾਂ ਦਾ ਸਹਾਰਾ ਹੀ ਕੋਈ ਨਹੀਂ, ਕੁਝ ਬਿਮਾਰ ਸਰੀਰ ਜਿਨ੍ਹਾਂ ਦਾ ਸਹਾਰਾ ਹੈ, ਕੁਝ ਇਹੋ ਜਿਹੇ ਬਜ਼ੁਰਗ ਜਿਨ੍ਹਾਂ ਦਾ ਪਰਿਵਾਰ ਵਿੱਚ ਕੋਈ ਵੀ ਨਹੀਂ, ਕਈ ਇਹੋ ਜਿਹੇ ਬਿਮਾਰ ਜਿਨ੍ਹਾਂ ਦੇ ਪਰਿਵਾਰ ਵਿੱਚ ਕੋਈ ਹੈ ਹੀ ਨਹੀਂ, ਐਸੀਆਂ ਵਿਧਵਾ ਬੀਬੀਆਂ ਜਿਨ੍ਹਾਂ ਦੇ ਸਾਧ ਸੰਗਤ ਜੀ, ਬੱਚੇ ਛੋਟੇ ਹਨ, ਕੋਈ ਹੈ ਹੀ ਨਹੀਂ, ਦਾਸ ਪੜ੍ਹ ਕੇ ਹੈਰਾਨ ਵੀ ਹੋਇਆ ਤੇ ਸ਼ੁਕਰਾਨਾ ਵੀ ਨਿਕਲਿਆ, ਇਸ ਬੀਬੀ ਦਾ ਪੰਜਵਾਂ ਗੁਣ ਲਿਖਿਆ ਹੈ ਕਿ ਲੋਕ ਭਲਾਈ ਦੇ ਕਾਰਜ ਜਥਾ ਬਣਾ ਕੇ ਸ਼ੁਰੂ ਕੀਤੇ ਤੇ ਇਲਾਕੇ ਦੀਆਂ ਜਿੰਨੀਆਂ ਵੀ ਬੀਮਾਰ ਤੇ ਬਜ਼ੁਰਗ ਔਰਤਾਂ ਤੇ ਵਿਧਵਾਂ ਔਰਤਾਂ ਸਨ, ਜਿਨ੍ਹਾਂ ਦਾ ਕੋਈ ਨਹੀਂ, ਉਨ੍ਹਾਂ ਦੇ ਦਵਾ ਦਾਰੂ ਤੇ ਰੋਟੀ ਦਾ ਪ੍ਰਬੰਧ ਇਸ ਜਥੇ ਨੇ ਆਪਣੇ ਜ਼ਿੰਮੇ ਤੇ ਲਿਆ। ਜਦੋਂ ਦਾਸ ਨੇ ਪੜ੍ਹਿਆ ਤੇ ਮਨ ਵਿੱਚੋਂ ਸ਼ੁਕਰਾਨਾ ਨਿਕਲਿਆ। ਦਾਸ ਨੇ ਕਿਹਾ ਕਿ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਹਿਜ ਸੁਭਾਅ ਇਹ ਵੀ ਤੁਹਾਡਾ ਤਰਸ ਹੈ, ਜੋ ਸੰਗਤ ਵਾਜੇ ਤੇ ਸੇਵਾ ਰੱਖਦੀ ਹੈ, ਤੁਸੀਂ ਵੀ ਉਸ ਨਾਲ ਵਿਧਵਾ ਬੀਬੀਆਂ ਦੀ ਸੇਵਾ ਸਾਰੀਆਂ ਸੰਗਤਾਂ ਤੋਂ ਲੈ ਰਹੇ ਹੋ। ਇਹ ਪੰਥ ਦੀਆਂ ਸਤਿਕਾਰਤ ਬੀਬੀਆਂ, ਇਹੋ ਜਿਹੀਆਂ ਸੇਵਾਵਾਂ ਕਰਦੀਆਂ ਰਹੀਆਂ ਹਨ। ਇਹ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਮਾਰਗ ਹੈ, ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਰਸਤਾ ਹੈ, ਇਨਕਲਾਬ ਲਿਆ ਦਿਓ। ਇੱਕ ਵਾਰੀ ਪੜ੍ਹਿਓ ਸਾਰੇ ਤੇ ਫਿਰ ਛੇਵੇਂ ਤੇ ਸੱਤਵੇਂ ਗੁਣ ਗੁਰੂ ਸਾਹਿਬ ਸਾਂਝੇ ਕਰਵਾਉਣ:

***ਵਿਚਿ ਦੁਨੀਆ ਸੇਵ ਕਮਾਈਐ ॥***
***ਤਾ ਦਰਗਹ ਬੈਸਣੁ ਪਾਈਐ ॥***

***(ਅੰਗ ੨੬)***

ਛੇਵਾਂ ਗੁਣ, ਇਲਾਕੇ ਦੀਆਂ ਔਰਤਾਂ ਇਕੱਠੀਆਂ ਕਰਕੇ ਉਨ੍ਹਾਂ ਨੂੰ ਬਿਠਾਉਣਾ ਤੇ ਉਨ੍ਹਾਂ ਨਾਲ ਪ੍ਰਭੂ ਭਗਤੀ ਦੀਆਂ ਗੱਲਾਂ ਕਰਨੀਆਂ। ਲਿਖਿਆ ਹੈ, ਬਾਣੀ ਸੁਣਨੀ, ਬਾਣੀ ਪੜ੍ਹਨੀ ਤੇ ਬਾਣੀ ਸੁਣਾਉਣੀ। ਲਿਖਿਆ ਹੈ, ਇਲਾਕੇ ਵਿੱਚ ਕੋਈ ਗੁਣੀ ਗਿਆਨੀ ਆਵੇ ਤੇ ਇਲਾਕੇ ਦੀਆਂ ਸਾਰੀਆਂ ਬੀਬੀਆਂ ਨੂੰ ਇਕੱਠਾ ਕਰਕੇ ਬੀਬੀ ਦੀਪ ਕੌਰ ਜੀ ਨੇ ਕਹਿਣਾ ਕਿ ਸਾਡੇ ਇਲਾਕੇ ਵਿੱਚ ਗੁਣੀ ਗਿਆਨੀ ਆਏ ਹਨ, ਇਨ੍ਹਾਂ ਕੋਲੋਂ ਗੁਣ ਲਓ, ਇਕੱਠੀਆਂ ਹੋ ਕੇ ਬਾਣੀ ਸੁਣਨੀ, ਬਾਣੀ ਪੜ੍ਹਨੀ ਤੇ ਬਾਣੀ ਸੁਣਾਉਣੀ। ਔਰ ਉਪਦੇਸ਼ ਦੇਣੇ। ਦਾਸ ਉਸੇ ਤਰ੍ਹਾਂ ਆਪ ਜੀ ਅੱਗੇ ਰੱਖ ਰਿਹਾ ਹੈ। ਬੀਬੀਆਂ ਨੂੰ ਉਪਦੇਸ਼ ਦੇਣੇ ਕਿ ਨਿੰਦਿਆ ਚੁਗਲੀ ਕਰਨ ਨਾਲ ਤੇ ਅਗਲੇ ਲਫਜ਼ ਲਿਖੇ ਹਨ, ਦੂਜੇ ਦੀਆਂ ਕਮਜ਼ੋਰੀਆਂ ਕੱਢਣ ਨਾਲ ਸਾਡਾ ਸਮਾਂ ਤੇ ਵਿਅਰਥ ਜਾਂਦਾ ਹੀ ਹੈ ਤੇ ਅਸੀਂ ਪਾਪਾਂ ਦੀ ਪੰਡ ਸਿਰ ਤੇ ਚੁੱਕ ਲੈਂਦੇ ਹਾਂ। ਕਈ ਵਾਰ ਆਪਾਂ ਬੈਠਦੇ ਹਾਂ ਤੇ ਆਪਸ ਵਿੱਚ ਬਾਣੀ ਨਹੀਂ ਪੜ੍ਹਦੇ, ਸੁਣਦੇ ਸਗੋਂ ਦੂਜਿਆਂ ਦੀਆਂ ਕਮਜ਼ੋਰੀਆਂ ਸਾਂਝੀਆਂ ਕਰਦੇ ਹਾਂ। ਆਹ ਵੇਖ, ਫੇਸ ਬੁੱਕ ਤੇ ਕੀ ਆਇਆ ਹੈ। ਬੱਸ ਹੋ ਗਈ

ਨਿੰਦਿਆ ਸ਼ੁਰੂ। ਆਹ ਵੇਖ, ਇਸ ਬਾਰੇ ਕੀ ਲਿਖਿਆ ਹੈ। ਹੋ ਗਈ ਸ਼ੁਰੂ ਨਿੰਦਿਆ। ਅਗਲਾ ਬੰਦਾ ਆਪਣੀ ਗੱਲ ਨਾਲ ਨਿੰਦਿਆ ਕਰੇਗਾ, ਤੁਸੀਂ ਆਪਣੀ ਗੱਲ ਨਾਲ ਨਿੰਦਿਆ ਕਰੋਗੇ। ਨਿੰਦਿਆ ਚੁਗਲੀ ਕਰਨ ਨਾਲ, ਦੂਜਿਆਂ ਦੀਆਂ ਕਮਜ਼ੋਰੀਆਂ ਕੱਢਣ ਨਾਲ, ਨੁਕਸ ਕੱਢਣ ਨਾਲ ਜਾਂ ਕਮਜ਼ੋਰੀਆਂ ਬਾਰੇ ਚਰਚਾ ਕਰਨ ਨਾਲ ਬਹੁਤ ਵੱਡਾ ਨੁਕਸਾਨ ਹੁੰਦਾ ਹੈ, ਸਾਨੂੰ ਇਨ੍ਹਾਂ ਚੀਜ਼ਾਂ ਤੋਂ ਬਚ ਕੇ ਰਹਿਣਾ ਚਾਹੀਦਾ ਹੈ। ਇਸ ਬੀਬੀ ਨੇ ਇਸ ਤਰ੍ਹਾਂ ਆਂਢ-ਗੁਆਂਢ ਵਾਲੀਆਂ ਬੀਬੀਆਂ ਵਿੱਚ ਸਪਿਰਿਟ ਭਰੀ। ਇਹ ਛੇਵਾਂ ਗੁਣ ਲਿਖਿਆ ਹੈ ਤੇ ਸੱਤਵਾਂ ਗੁਣ ਲਿਖਿਆ, ਇਹ ਵੀ ਤੁਹਾਡੇ ਕੰਮ ਆਉਣ ਵਾਲਾ ਹੈ। ਸੱਤਵਾਂ ਗੁਣ ਬੜਾ ਅਜੀਬ ਜਿਹਾ ਲਿਖਿਆ ਹੈ। ਹੁਣ ਤੁਹਾਡੇ ਵਿੱਚ ਕਈ ਬਜ਼ੁਰਗ ਬੀਬੀਆਂ ਹਨ ਤੇ ਕਈ ਜਵਾਨ ਬੀਬੀਆਂ ਵੀ ਹਨ। ਇਸ ਤਰ੍ਹਾਂ ਦਾ ਬਚਨ ਹੈ। ਵੱਡੀ ਉਮਰ ਵਾਲੀਆਂ ਬੀਬੀਆਂ ਨੇ ਨਵੀਂ ਪੀੜ੍ਹੀ ਦੀਆਂ ਭਾਵਨਾਵਾਂ ਦੀ ਪਰਵਾਹ ਨਾ ਕਰਨੀ ਤੇ ਨਵੀਂ ਪੀੜ੍ਹੀ ਨੇ ਵੱਡੀਆਂ ਉਮਰ ਵਾਲੀਆਂ ਬੀਬੀ ਦੀ ਪਰਵਾਹ ਨਾ ਕਰਨੀ। ਕੋਈ ਨਹੀਂ ਬਜ਼ੁਰਗ ਹਨ, ਇਨ੍ਹਾਂ ਨੂੰ ਕੀ ਪਤਾ ਹੈ। ਇਹ ਬੀਬੀ ਦੀਪ ਕੌਰ ਜੀ ਦਾ ਇੰਨਾ ਵੱਡਾ ਢੰਗ ਪ੍ਰਚਾਰ ਦਾ ਕਿ ਵੱਡੀ ਉਮਰ ਵਾਲੀ ਬੀਬੀਆਂ ਵੀ, ਛੋਟੀ ਉਮਰ ਵਾਲੀਆਂ ਬੀਬੀਆਂ ਵੀ, ਜਵਾਨ ਉਮਰ ਵਾਲੀਆਂ ਬੀਬੀਆਂ ਨੂੰ, ਇਨ੍ਹਾਂ ਨੂੰ ਇਕੱਠਿਆਂ ਕਰਕੇ ਕੀ ਕਹਿਣਾ, ਜਿਸ ਘਰ ਵੱਡੀ ਉਮਰ ਵਾਲੀਆਂ ਬੀਬੀਆਂ, ਨਵੀਂ ਪੀੜ੍ਹੀ ਵਾਲੀਆਂ ਬੀਬੀਆਂ ਦੀ ਭਾਵਨਾ ਨਾ ਸਮਝਣ ਤੇ ਨਵੀਂ ਪੀੜ੍ਹੀ ਵਾਲੀਆਂ ਬੀਬੀਆਂ ਵੱਡਿਆਂ ਦੀਆਂ ਭਾਵਨਾਵਾਂ ਨਾ ਸਮਝਣ, ਉਸ ਘਰ ਵਿੱਚ ਕਦੀ ਸ਼ਾਂਤੀ ਨਹੀਂ ਰਹਿ ਸਕਦੀ। ਉਸ ਘਰ ਵਿੱਚ ਕਦੀ ਦੁਖ ਨਹੀਂ ਜਾ ਸਕਦੇ। ਨੋਟ ਕਰਨਾ, ਇਹ ਗੱਲ ਤੁਹਾਡੇ ਕੰਮ ਆਉਣ ਵਾਲੀ ਹੈ। ਇਸ ਬੀਬੀ ਨੇ ਦੋਵਾਂ ਨੂੰ ਸਾਂਝਾ ਕਰਵਾਉਣਾ, ਵੱਡੀ ਉਮਰ ਵਾਲੀਆਂ ਨੂੰ ਵੀ ਤੇ ਛੋਟੀ ਉਮਰ ਵਾਲੀਆਂ ਨੂੰ ਵੀ। ਵੱਡੀ ਉਮਰ ਵਾਲਿਆਂ ਨੂੰ ਕਹਿਣਾ, ਤੁਸੀਂ ਛੋਟੀ ਉਮਰ ਵਾਲੀਆਂ, ਜਵਾਨ ਉਮਰ ਵਾਲੀਆਂ ਬੀਬੀਆਂ ਨੂੰ ਆਪਣੇ ਤਜ਼ਰਬੇ ਦੱਸੋ ਤੇ ਛੋਟੀ ਉਮਰ ਵਾਲੀਆਂ ਨੇ ਜਿਹੜੀਆਂ ਨਵੀਆਂ ਚੀਜ਼ਾਂ ਸਿੱਖੀਆਂ ਹਨ, ਤੁਸੀਂ ਵੀ ਉਸ ਵਿੱਚੋਂ ਲਾਭ ਲਵੋ। ਇਸ ਤਰ੍ਹਾਂ ਘਰਾਂ ਵਿੱਚੋਂ ਕਲੇਸ਼ ਮੁਕਾਏ। ਅਸੀਂ ਵੀ ਘਰਾਂ ਵਿੱਚ ਇਹੋ ਜਿਹੇ ਰੋਲ ਅਦਾ ਕਰੀਏ। ਕੈਸੇ ਨਿਰਾਲੇ ਕੰਮ ਵੇਖੋ। ਇਹ ਸਾਧ ਸੰਗਤ ਜੀ, ਸੰਗਤ ਕਰਨ ਨਾਲ ਸਭ ਕੁਝ ਪਤਾ ਲੱਗੇਗਾ। ਘਰਾਂ ਵਿੱਚ ਅੱਜ ਕਲ੍ਹ ਇਹ ਵਖਰੇਵੇਂ ਹਨ। ਕਈ ਵਾਰ ਅੱਜ ਕਲ੍ਹ ਦੇ ਜਵਾਨ ਵੱਡਿਆਂ ਦੀਆਂ ਭਾਵਨਾਵਾਂ ਨਹੀਂ ਸਮਝਦੇ। ਵੱਡੇ ਛੋਟੀ ਉਮਰ ਵਾਲੀਆਂ ਬੀਬੀਆਂ ਦੀਆਂ ਭਾਵਨਾਵਾਂ ਨਹੀਂ ਸਮਝਦੇ। ਫਿਰ ਜਦੋਂ ਤਾਲਮੇਲ ਕਰਵਾਉਣਾ ਕਿ ਤੁਸੀਂ ਆਪਣੇ ਤਜਰਬੇ ਦੱਸੋ। ਤੁਸੀਂ ਉਸ ਦਾ ਲਾਭ ਲਓ। ਉਹ ਆਪਣੇ ਤਜਰਬੇ ਦੱਸਣ। ਤੁਸੀਂ ਉਸ ਦਾ ਲਾਭ ਲਓ। ਇਹ ਸਾਧ ਸੰਗਤ ਜੀ, ਐਸੀ ਬੀਬੀ ਦੀਪ ਕੌਰ ਜੀ ਸਨ। ਅੱਜ ਵੀ ਲਿਖਿਆ ਹੈ, ਇੰਟਰਨੈੱਟ ਤੇ ਵੀ, ਇਤਿਹਾਸ ਵਿੱਚ ਵੀ ਪਿੰਡ ਤਲਵਨ ਜਲੰਧਰ ਦੇ ਕੋਲ ਇਨ੍ਹਾਂ ਦੀ ਯਾਦ ਵਿੱਚ ਗੁਰਦੁਆਰਾ ਸਾਹਿਬ ਵੀ ਸੁਸ਼ੋਭਿਤ ਹੈ। ਆਓ ਜੀ, ਇਹ ਪੰਕਤੀਆਂ ਪੜ੍ਹੀਏ ਤੇ ਫਿਰ ਸਮਾਪਤੀ ਹੈ:

***ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥***

*(ਅੰਗ ੪੭੩)*

○○○

# ਨੌਵੇਂ ਪਾਤਸ਼ਾਹ ਜੀ ਦੇ ਸਲੋਕਾਂ ਦੀ ਵਿਚਾਰ

## ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400 ਸਾਲਾ ਪਾਵਨ ਪ੍ਰਕਾਸ਼ ਦਿਵਸ ਨੂੰ ਸਮਰਪਿਤ

*—ਭਾਈ ਪਾਲ ਸਿੰਘ*

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

***ਨੌਵੇਂ ਪਾਤਸ਼ਾਹ ਜੀ ਦਾ ਛੱਬੀਵਾਂ ਸਲੋਕ :***

***ਪ੍ਰਾਨੀ ਕਛੂ ਨ ਚੇਤਈ ਮਦਿ ਮਾਇਆ ਕੈ ਅੰਧੁ ॥***
***ਕਹੁ ਨਾਨਕ ਬਿਨੁ ਹਰਿ ਭਜਨ ਪਰਤ ਤਾਹਿ ਜਮ ਫੰਧ ॥੨੬॥***

*(ਅੰਗ ੧੪੨੭)*

ਪ੍ਰਾਣੀ ਜਾਂ ਜੀਵ ਚੰਗਾ ਮੰਦਾ ਕੁਝ ਨਹੀਂ ਪਛਾਣਦਾ ਮਾਇਆ ਦੇ ਨਸ਼ੇ ਵਿੱਚ ਅੰਨ੍ਹਾ ਹੋਣ ਕਰਕੇ। ਹਰੀ ਦੇ ਭਜਨ ਤੋਂ ਬਿਨਾਂ ਉਸ ਦੇ ਗਲ ਵਿੱਚ ਜਮਾਂ ਦੀ ਫਾਹੀ ਪੈਂਦੀ ਹੈ।

ਮਾਇਆ ਵਿੱਚ ਫਸਿਆ ਜੀਵ ਰੱਬ ਦੀਆਂ ਗੱਲਾਂ ਸੁਣ ਕੇ ਸਮਝਦਾ ਵੀ ਹੈ ਫਿਰ ਵੀ ਪ੍ਰਵਾਹ ਨਹੀਂ ਕਰਦਾ ਜਿਵੇਂ ਦੁਨਿਆਵੀਂ ਨਸ਼ੇ ਦੀਆਂ ਕਈ ਕਿਸਮਾਂ ਹਨ। ਇਸੇ ਤਰ੍ਹਾਂ ਮਾਇਆ ਦਾ ਨਸ਼ਾ ਵੀ ਕਈ ਰੂਪਾਂ ਵਿੱਚ ਵਿਆਪ ਰਿਹਾ ਹੈ।

ਮਾਇਆ ਦੇ ਨਸ਼ੇ ਵਾਲਾ ਗੁਰੂ ਨੂੰ ਵੀ ਲੱਤ ਮਾਰ ਦਿੰਦਾ ਹੈ ਅਤੇ ਗੁਰੂ ਨੂੰ ਜ਼ਹਿਰ ਵੀ ਦੇ ਸਕਦਾ ਹੈ। ਜਿਵੇਂ ਪ੍ਰਿਥੀ ਚੰਦ ਨੇ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਪੁੱਤਰ ਨੂੰ ਮਾਰਨ ਵਾਸਤੇ ਸੋਭੀ ਨਾਮ ਦੀ ਦਾਈ ਨੂੰ ਸੱਦਿਆ। ਉਹ ਦਾਈ ਮਾਤਾ ਗੰਗਾ ਜੀ ਦੀ ਜਾਣੂ ਵੀ ਸੀ। ਪ੍ਰਿਥੀ ਚੰਦ ਨੇ ਕਿਹਾ ਜੇ ਤੂੰ ਆਪਣੇ ਥਣਾਂ ਨੂੰ ਜ਼ਹਿਰ ਲਾ ਕੇ ਬਾਲ (ਗੁਰੂ) ਹਰਿਗੋਬਿੰਦ ਜੀ ਨੂੰ ਮਾਰ ਦੇਵੇਂ ਤਾਂ ਮੈਂ ਤੈਨੂੰ ਸੋਨੇ ਨਾਲ ਲੱਦ ਦੇਵਾਂਗਾ। ਉਹ ਮੂਰਖ ਮੰਨ ਗਈ। ਉਸ ਨੇ ਜਾ ਕੇ ਮਾਤਾ ਗੰਗਾ ਜੀ ਨਾਲ ਬਹੁਤ ਪਿਆਰ ਦੀਆਂ ਗੱਲਾਂ ਕੀਤੀਆਂ ਤੇ ਫਿਰ ਸਾਹਿਬਜ਼ਾਦਾ ਜੀ ਨੂੰ ਮਾਤਾ ਜੀ ਕੋਲੋਂ ਫੜ ਕੇ ਆਪਣੇ ਕੁਛੜ ਚੁੱਕ ਲਿਆ ਤੇ ਅੱਖ ਬਚਾ ਕੇ ਜ਼ਹਿਰ ਵਾਲੇ ਥਣ ਤੋਂ ਸਾਹਿਬਜ਼ਾਦੇ ਨੂੰ ਦੁੱਧ ਚੰਘਾਉਣ ਦਾ ਯਤਨ ਕੀਤਾ। ਸਾਹਿਬਜ਼ਾਦਾ ਜੀ ਨੇ ਦੁੱਧ ਵਾਲਾ ਥਣ ਮੂੰਹ ਵਿੱਚ ਨਹੀਂ ਪਾਇਆ ਸਗੋਂ ਉੱਚੀ-ਉੱਚੀ ਰੋਣਾ ਸ਼ੁਰੂ ਕਰ ਦਿੱਤਾ। ਬਾਲਕ (ਗੁਰੂ) ਹਰਿਗੋਬਿੰਦ ਜੀ ਦਾ ਰੋਣਾ ਸੁਣ ਕੇ ਮਾਤਾ ਗੰਗਾ ਜੀ ਨੇ ਸੋਭੀ ਦਾਈ ਕੋਲੋਂ ਆਪਣੇ ਪਿਆਰੇ ਸਪੁੱਤਰ ਨੂੰ ਫੜਕੇ ਆਪਣੀ ਗੋਦੀ ਵਿੱਚ ਚੁੱਕ ਲਿਆ। ਸੋਭੀ ਦਾਈ ਨੇ ਜਿਹੜਾ ਜ਼ਹਿਰ ਆਪਣੇ ਥਣਾਂ ਨੂੰ ਲਾਇਆ ਸੀ, ਉਹ ਜ਼ਹਿਰ ਉਸੇ ਨੂੰ ਹੀ ਚੜ੍ਹ ਗਿਆ ਤੇ ਉਹ ਧਰਤੀ ਉੱਤੇ ਡਿੱਗ ਕੇ ਤੜਫਣ ਲੱਗ ਪਈ ਤੇ ਦਮ ਤੋੜ ਗਈ। ਪਵਿੱਤਰ ਗੁਰਬਾਣੀ ਦਾ ਫ਼ਰਮਾਨ ਹੈ ਕਿ ਮਾਇਆ ਇੱਕ ਜ਼ਹਿਰ ਨਾਲ ਭਰਿਆ ਹੋਇਆ ਸੱਪ ਹੈ ਜੋ ਸਾਰੇ ਜਗਤ ਨੂੰ ਘੇਰੀ ਬੈਠਾ ਹੈ:

***ਮਾਇਆ ਭੁਇਅੰਗਮੁ ਸਰਪੁ ਹੈ ਜਗੁ ਘੇਰਿਆ ਬਿਖੁ ਮਾਇ ॥***

*(ਅੰਗ ੧੪੧੫)*

ਦੁਆਪਰ ਯੁੱਗ ਵਿੱਚ ਇੱਕ ਰਾਜਾ ਮੇਧਵੀ

ਹੋਇਆ ਹੈ। ਇਸ ਦਾ ਇਕਲੌਤਾ ਪੁੱਤਰ ਚੰਦਰਹਾਂਸ ਸੀ। ਜਿਸ ਦੀ ਉਮਰ ਅਜੇ ਛੋਟੀ ਸੀ ਕਿ ਦੁਸ਼ਮਣਾਂ ਨੇ ਕੇਰਲ ਤੇ ਧਾਵਾ ਬੋਲ ਦਿੱਤਾ। ਯੁੱਧ ਵਿੱਚ ਮੇਧਵੀ ਰਾਜਾ ਮਾਰਿਆ ਗਿਆ। ਉਸਦੀ ਪਤਨੀ ਵੀ ਪਤੀ ਨਾਲ ਸਤੀ ਹੋ ਗਈ। ਚੰਦਰਹਾਂਸ ਨੂੰ ਉਸਦੀ ਦਾਈ ਨੇ ਕੁਛੜ ਚੁੱਕ ਲਿਆ ਤੇ ਮਹਿਲਾਂ 'ਚੋਂ ਨਿਕਲ ਗਈ। ਉਹ ਹੌਲੀ ਹੌਲੀ ਤੁਰ ਕੇ ਕੇਰਲ ਰਾਜ ਤੋਂ ਕੁੰਤਲਪੁਰ ਰਾਜ ਵਿੱਚ ਪੁੱਜ ਗਈ ਤੇ ਜਿਵੇਂ ਕਿਵੇਂ ਦਾਈ ਚੰਦਰਹਾਂਸ ਨੂੰ ਪਾਲਦੀ ਰਹੀ। ਇੱਕ ਦਿਨ ਉਹ ਚੰਦਰਹਾਂਸ ਨੂੰ ਲੈ ਕੇ ਸ਼ਹਿਰ ਤੋਂ ਬਾਹਰ ਚਲੀ ਗਈ ਜਿੱਥੇ ਇੱਕ ਸਾਧੂ ਮੰਡਲੀ ਕੀਰਤਨ ਕਰ ਰਹੀ ਸੀ। ਸਾਧੂਆਂ ਨੇ ਚੰਦਰਹਾਂਸ ਨੂੰ ਯਤੀਮ ਜਾਣ ਕੇ ਆਪਣੇ ਕੋਲ ਰੱਖ ਲਿਆ ਤੇ ਭਗਤੀ ਮਾਰਗ ਵੱਲ ਤੋਰ ਦਿੱਤਾ। ਕੁੰਤਲਪੁਰ ਰਾਜੇ ਘਰ ਕੋਈ ਲੜਕਾ ਨਹੀਂ ਸੀ। ਸਿਰਫ ਇੱਕ ਸੁੰਦਰ ਲੜਕੀ ਸੀ। ਉਹ ਰਾਜਾ ਜ਼ਿਆਦਾ ਸਮਾਂ ਆਪਣੇ ਗੁਰੂ ਕੋਲ ਹੀ ਬਿਤਾਉਂਦਾ ਸੀ। ਉਸ ਨੇ ਰਾਜ ਦਾ ਇੰਤਜ਼ਾਮ ਆਪਣੇ ਵਜ਼ੀਰ ਧ੍ਰਿਸ਼ਟ ਬੁੱਧੀ ਦੇ ਹਵਾਲੇ ਕੀਤਾ ਹੋਇਆ ਸੀ। ਧ੍ਰਿਸ਼ਟ ਬੁੱਧੀ ਦੀ ਇੱਕੋ ਇੱਛਾ ਸੀ ਧਨ ਇਕੱਠਾ ਕਰਨਾ ਤੇ ਰਾਜ ਦੇ ਮਾਲਕ ਬਣਨ ਦੀ। ਇੱਕ ਦਿਨ ਰਾਜੇ ਨੇ ਸੰਤ ਮੰਡਲੀ ਨੂੰ ਭੋਜਨ ਤੇ ਬੁਲਾਇਆ। ਸੰਤ ਮੰਡਲੀ ਦੇ ਮੁਖੀ ਸੰਤ ਕੋਲ ਚੰਦਰਹਾਂਸ ਬੈਠਾ ਵੀ ਭੋਜਨ ਛੱਕ ਰਿਹਾ ਸੀ, ਉਸ ਨੂੰ ਵੇਖ ਕੇ ਸੰਤ ਜੀ ਹੱਸ ਪਏ। ਧ੍ਰਿਸ਼ਟ ਬੁੱਧੀ ਨੇ ਸੰਤ ਜੀ ਨੂੰ ਹੱਸਣ ਦਾ ਕਾਰਨ ਪੁੱਛਿਆ ਤਾਂ ਸੰਤਾਂ ਨੇ ਕਿਹਾ, ਮੈਂ ਕੁਦਰਤ ਦੇ ਰੰਗ ਵੇਖ ਕੇ ਹੱਸਿਆ ਹਾਂ। ਇਹ ਮੇਰੇ ਲਾਗੇ ਜੋ ਯਤੀਮ ਲੜਕਾ ਚੰਦਰਹਾਂਸ ਬੈਠਾ ਹੈ, ਇਹ ਇਸ ਰਾਜੇ ਦਾ ਜਵਾਈ ਤੇ ਰਾਜ ਭਾਗ ਦਾ ਮਾਲਕ ਬਣੇਗਾ।

ਸੰਤਾਂ ਦਾ ਇਹ ਬਚਨ ਸੁਣ ਕੇ ਧ੍ਰਿਸ਼ਟ ਬੁੱਧੀ ਬੜਾ ਦੁੱਖੀ ਹੋਇਆ। ਉਸਨੇ ਜਲਾਦਾਂ ਨੂੰ ਮੂੰਹ ਮੰਗਿਆ ਧਨ ਦੇ ਕੇ ਕਿਹਾ ਕਿ ਚੰਦਰਹਾਂਸ ਨੂੰ ਜਾਨ ਤੋਂ ਮਾਰ ਦਿਓ। ਉਹ ਜਲਾਦ ਰਾਤ ਸੰਤ ਮੰਡਲੀ ਵਿੱਚੋਂ ਚੰਦਰਹਾਂਸ ਨੂੰ ਚੁੱਕ ਕੇ ਇੱਕ ਜੰਗਲ ਵਿੱਚ ਲੈ ਗਏ।

ਹੁਣ ਮਰਨ ਤੋਂ ਪਹਿਲਾਂ ਚੰਦਰਹਾਂਸ ਨੇ ਭਗਵਾਨ ਅੱਗੇ ਪ੍ਰਾਰਥਨਾ ਕੀਤੀ ਜੋ ਦਰਗਾਹ 'ਚ ਪ੍ਰਵਾਨ ਹੋ ਗਈ। ਪ੍ਰਭੂ ਨੇ ਜਲਾਦਾਂ ਦੇ ਹਿਰਦੇ ਵਿੱਚ ਦਇਆ ਦਾ ਪ੍ਰਵੇਸ਼ ਕੀਤਾ। ਉਹ ਚੰਦਰਹਾਂਸ ਨੂੰ ਜੰਗਲ ਵਿੱਚ ਛੱਡ ਕੇ ਚਲੇ ਗਏ। ਚੰਦਰਹਾਂਸ ਜੰਗਲ ਵਿੱਚ ਹੀ ਪ੍ਰਭੂ ਦੀ ਅਰਾਧਨਾ ਕਰਨ ਲੱਗ ਪਿਆ ਤੇ ਪ੍ਰਭੂ ਨੇ ਦਇਆ ਕਰਕੇ ਰਾਜੇ ਕੁਲਿੰਦਰ ਨੂੰ ਉਧਰ ਲੈ ਆਂਦਾ ਜੋ ਚੰਦਰਪੁਰ ਦਾ ਰਾਜਾ ਸੀ। ਇਸ ਦੇ ਵੀ ਘਰ ਪੁੱਤਰ ਕੋਈ ਨਹੀਂ ਸੀ। ਰਾਜੇ ਨੇ ਇਸ ਨੂੰ ਗੋਦ ਲੈ ਕੇ ਪੁੱਤਰ ਬਣਾ ਲਿਆ। ਚੰਦਰਹਾਂਸ ਪ੍ਰਭੂ ਦੀ ਕਿਰਪਾ ਨਾਲ ਰਾਜ ਕੁਮਾਰ ਬਣ ਗਿਆ।

ਜਦੋਂ ਧ੍ਰਿਸ਼ਟਬੁੱਧੀ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਹ ਚੰਦਰਪੁਰ ਦੇ ਰਾਜੇ ਨੂੰ ਮਿਲਣ ਗਿਆ ਕਿਉਂਕਿ ਇਸ ਦੀ ਰਿਆਸਤ ਧ੍ਰਿਸ਼ਟ ਬੁੱਧੀ ਦੇ ਰਾਜੇ ਦੇ ਅਧੀਨ ਸੀ। ਇਸ ਨੇ ਉੱਥੇ ਚੰਦਰਹਾਂਸ ਨੂੰ ਪਛਾਣ ਲਿਆ। ਧ੍ਰਿਸ਼ਟ ਬੁੱਧੀ ਨੇ ਰਾਜੇ ਕੁਲਿੰਦਰ ਨੂੰ ਕਿਹਾ ਮੈ ਗੁਪਤ ਰੂਪ ਵਿੱਚ ਪੜਤਾਲ ਕਰਨ ਆਇਆ ਹਾਂ। ਤੁਸੀਂ ਕਿਸ ਲੜਕੇ ਨੂੰ ਜੰਗਲ ਵਿੱਚੋਂ ਫੜਕੇ ਰਾਜ ਕੁਮਾਰ ਬਣਾ ਲਿਆ ਹੈ। ਕੁੰਤਲਪੁਰ ਦੇ ਰਾਜੇ ਤੋਂ ਆਗਿਆ ਨਹੀਂ ਲਈ। ਇਸ ਲਈ ਲੜਕੇ ਨੂੰ ਕੁੰਤਲਪੁਰ ਭੇਜੀਏ। ਇਸ ਨੂੰ ਵੇਖ ਕੇ ਰਾਜੇ ਨੂੰ ਯਕੀਨ ਹੋ ਜਾਵੇਗਾ ਕਿ ਇਹ ਰਾਜ ਕੁਮਾਰ ਬਣਨ ਦੇ ਲਾਇਕ ਸੀ।

ਰਾਜੇ ਕੁਲਿੰਦਰ ਨੇ ਚੰਦਰਹਾਂਸ ਨੂੰ ਕੁੰਤਲਪੁਰ ਜਾਣ ਲਈ ਤਿਆਰ ਕੀਤਾ ਤਾਂ ਧ੍ਰਿਸ਼ਟ ਬੁੱਧੀ ਨੇ ਕਿਹਾ ਬੇਟਾ! ਆਪ ਨੇ ਕੁੰਤਲਪੁਰ ਰਾਜੇ ਨੂੰ ਮਿਲਣ ਤੋਂ ਪਹਿਲਾਂ ਮੇਰੇ ਬੇਟੇ ਮਦਨ ਨੂੰ ਮਿਲਣਾ ਹੈ। ਉਹ

ਆਪੇ ਰਾਜੇ ਪਾਸ ਤੈਨੂੰ ਲੈ ਜਾਵੇਗਾ ਇਹ ਆਖਣ ਪਿੱਛੋਂ ਧ੍ਰਿਸ਼ਟ ਬੁੱਧੀ ਨੇ ਇੱਕ ਪਤ੍ਰਿਕਾ ਲਿਖ ਕੇ ਕਿਹਾ, "ਇਹ ਮੇਰੇ ਬੇਟੇ ਮਦਨ ਨੂੰ ਦੇ ਦੇਣਾ ਤੇ ਇਸ ਨੂੰ ਖੋਲ੍ਹਣਾ ਨਹੀਂ ਕਿਉਂਕਿ ਪਰਾਈ ਚਿੱਠੀ ਪੜ੍ਹਨਾ ਪਾਪ ਹੈ। ਚੰਦਰਹਾਂਸ ਚਿੱਠੀ ਲੈ ਕੇ ਘੋੜੇ ਤੇ ਸਵਾਰ ਹੋ ਗਿਆ। ਮਨੁੱਖ ਭਾਵੇਂ ਕਿੰਨਾ ਕਿਸੇ ਦਾ ਬੁਰਾ ਸੋਚ ਲਏ ਪਰ ਜੇ ਪ੍ਰਭੂ ਰਾਖਾ ਹੈ ਤਾਂ ਕੋਈ ਕੁਝ ਨਹੀਂ ਵਿਗਾੜ ਸਕਦਾ।

ਧ੍ਰਿਸ਼ਟ ਬੁੱਧੀ ਚੰਦਰਹਾਂਸ ਨੂੰ ਹਰ ਕੀਮਤ ਤੇ ਖਤਮ ਕਰਨਾ ਚਾਹੁੰਦਾ ਸੀ। ਉਸ ਨੇ ਇਸੇ ਢੰਗ ਨਾਲ ਪੁੱਤਰ ਮਦਨ ਵੱਲ ਚਿੱਠੀ ਲਿਖੀ ਕਿ ਇਸ ਗੱਭਰੂ ਨੂੰ ਬਿੱਖ (ਜ਼ਹਿਰ) ਦੇ ਦਿਓ ਤਾਂ ਮੇਰੇ ਹਿਰਦੇ ਨੂੰ ਠੰਡ ਪਵੇਗੀ।

ਚੰਦਰਹਾਂਸ ਕੁੰਤਲਪੁਰ ਰਾਜੇ ਦੇ ਸ਼ਾਹੀ ਬਾਗ ਵਿੱਚ ਪੁੱਜ ਗਿਆ ਤੇ ਥਕੇਵਾਂ ਲਾਹੁਣ ਲਈ ਬਾਗ ਵਿੱਚ ਲੇਟ ਗਿਆ। ਥਕੇਵੇਂ ਨਾਲ ਉਸ ਨੂੰ ਜਲਦੀ ਹੀ ਨੀਂਦ ਆ ਗਈ।

ਉੱਧਰ ਧ੍ਰਿਸ਼ਟ ਬੁੱਧੀ ਦੀ ਲੜਕੀ ਬਾਗ ਵਿੱਚ ਸੈਰ ਕਰਨ ਆਈ ਤਾਂ ਇੱਕ ਰਾਜ ਕੁਮਾਰ ਨੂੰ ਸੁੱਤਿਆ ਵੇਖ ਕੇ ਬਿਖਿਯਾ ਦਾ ਮਨ ਮੋਹਿਆ ਗਿਆ ਤੇ ਉਹ ਉਸ ਵੱਲ ਤੱਕਦੀ ਰਹੀ। ਫਿਰ ਉਸ ਦਾ ਧਿਆਨ ਰਾਜ ਕੁਮਾਰ ਦੀ ਪੱਗ ਵਿੱਚ ਟੰਗੀ ਚਿੱਠੀ ਵੱਲ ਚਲਾ ਗਿਆ। ਚੰਚਲ ਮਨ ਬਿਖਿਯਾ ਨੇ ਹੌਲੀ ਜਿਹੀ ਚਿੱਠੀ ਖਿੱਚ ਲਈ ਤੇ ਉਸਨੂੰ ਪੜ੍ਹਕੇ ਹੈਰਾਨ ਹੋ ਗਈ। ਉਹ ਚਿੱਠੀ ਉਸਦੇ ਬਾਪ ਦੀ ਲਿਖਤ ਸੀ ਜਿਸ ਵਿੱਚ ਉਸਦੇ ਭਰਾ ਮਦਨ ਨੂੰ ਮਜਬੂਰ ਕੀਤਾ ਹੋਇਆ ਸੀ ਪਰ ਜੋ ਲਿਖਿਆ ਸੀ ਬਹੁਤ ਬੁਰਾ ਸੀ। ਉਸ ਨੇ ਚਿੱਠੀ ਨੂੰ ਬਾਰ-ਬਾਰ ਪੜ੍ਹਿਆ ਤੇ ਉਸ ਵਿੱਚ ਲਿਖਿਆ ਸੀ ਕਿ ਇਸ ਗੱਭਰੂ ਨੂੰ ਬਿਖ (ਜ਼ਹਿਰ) ਦੇ ਦੇਵੀਂ। ਬਿਖਿਯਾ ਸੋਚਣ ਲੱਗੀ ਮੇਰੇ ਬਾਪ ਦਾ ਇਸ ਸੁੰਦਰ ਨੌਜਵਾਨ ਨਾਲ ਕੀ ਵੈਰ ਹੈ ਜੋ ਮਰਵਾਉਣਾ ਚਾਹੁੰਦਾ ਹੈ। ਇਹ ਤਾਂ ਮੇਰਾ ਪਤੀ ਬਣਨ ਦੇ ਯੋਗ ਹੈ। ਮੈਂ ਇਸ ਨਾਲ ਵਿਆਹ ਕਰਵਾਵਾਂਗੀ। ਉਹ ਚਿੱਠੀ ਲੈ ਕੇ ਆਪਣੇ ਘਰ ਨੱਠ ਆਈ ਤੇ ਕਲਮ ਦਵਾਤ ਲੈ ਕੇ ਜਿੱਥੇ ਬਿਖ ਸੀ ਉਸ ਨੂੰ ਬਿਖਿਯਾ ਕਰ ਦਿੱਤਾ ਤੇ ਚਿੱਠੀ ਫਿਰ ਰਾਜ ਕੁਮਾਰ ਦੀ ਪੱਗ ਵਿੱਚ ਟੰਗ ਦਿੱਤੀ। ਜਦੋਂ ਰਾਜ ਕੁਮਾਰ ਦੀ ਅੱਖ ਖੁੱਲ੍ਹੀ ਤੇ ਉਸਨੇ ਬਿਖਿਯਾ ਨੂੰ ਦੇਖਿਆ ਤਾਂ ਮਨ ਮੋਹਿਤ ਹੋ ਗਿਆ। ਹੁਣ ਚੰਦਰਹਾਂਸ ਚਿੱਠੀ ਲੈ ਕੇ ਮਦਨ ਨੂੰ ਮਿਲਿਆ। ਚਿੱਠੀ ਪੜ੍ਹਕੇ ਮਦਨ ਨੂੰ ਖੁਸ਼ੀਆਂ ਚੜ੍ਹ ਗਈਆਂ। ਉਸਨੇ ਆਪਣੀ ਭੈਣ ਬਿਖਿਯਾ ਦੀ ਸ਼ਾਦੀ ਚੰਦਰਹਾਂਸ ਨਾਲ ਕਰਨ ਦੀ ਤਿਆਰੀ ਉਸੇ ਘੜੀ ਸ਼ੁਰੂ ਕਰ ਦਿੱਤੀ। ਰਾਤੋ-ਰਾਤ ਸਾਰਾ ਪ੍ਰਬੰਧ ਹੋ ਗਿਆ ਤੇ ਦਿਨ ਚੜ੍ਹਦੇ ਨੂੰ ਚੰਦਰਹਾਂਸ ਤੇ ਬਿਖਿਯਾ ਦੀ ਸ਼ਾਦੀ ਹੋ ਗਈ।

ਤਿੰਨ ਦਿਨਾਂ ਪਿੱਛੋਂ ਧ੍ਰਿਸ਼ਟ ਬੁੱਧੀ ਕੁੰਤਲਪੁਰ ਆਇਆ ਤਾਂ ਲੋਕ ਵਧਾਈਆਂ ਦੇਣ ਲੱਗ ਪਏ ਕਿ ਆਪ ਜੀ ਦੀ ਪੁੱਤਰੀ ਦੀ ਸ਼ਾਦੀ ਹੋ ਗਈ ਪਰ ਆਪ ਨਹੀਂ ਪਹੁੰਚੇ। ਹੁਣ ਜਦੋਂ ਧ੍ਰਿਸ਼ਟ ਬੁੱਧੀ ਘਰ ਪੁੱਜਾ ਤਾਂ ਚੰਦਰਹਾਂਸ ਨੂੰ ਮਖਮਲੀ ਬਿਸਤਰੇ ਉੱਤੇ ਬਿਖਿਯਾ ਨਾਲ ਬੈਠਾ ਵੇਖ ਕੇ ਹੈਰਾਨ ਹੋ ਗਿਆ। ਹੁਣ ਉਸ ਨੇ ਆਪਣੇ ਮਨ ਦੀ ਪਾਪ ਵਾਲੀ ਗੱਲ ਕਿਸੇ ਨੂੰ ਨਾ ਦੱਸੀ ਪਰ ਚੰਦਰਹਾਂਸ ਨੂੰ ਮਾਰਨ ਦੀ ਵਿਉਂਤ ਜ਼ਰੂਰ ਸੋਚ ਲਈ। ਮਾਇਆ ਦੇ ਨਸ਼ੇ ਵਿੱਚ ਉਸਨੇ ਇਹ ਵੀ ਨਾ ਸੋਚਿਆ ਕਿ ਮੇਰੀ ਧੀ ਵਿਧਵਾ ਹੋ ਜਾਵੇਗੀ ਉਸ 'ਤੇ ਤਾਂ ਰਾਜਾ ਬਣਨ ਦਾ ਭੂਤ ਸਵਾਰ ਸੀ।

ਹੁਣ ਧ੍ਰਿਸ਼ਟ ਬੁੱਧੀ ਚੰਦਰਹਾਂਸ ਨੂੰ ਕਹਿਣ ਲੱਗਾ। ਪੁੱਤਰ! ਸਾਡੀ ਰੀਤ ਹੈ ਸਾਡਾ ਜਵਾਈ ਪਹਾੜੀ ਵਾਲੇ ਮੰਦਰ ਪੂਜਾ ਕਰਨ ਜ਼ਰੂਰ ਜਾਂਦਾ ਹੈ। ਉਹ ਮੰਦਰ ਪਹਾੜੀ ਤੇ ਜੰਗਲ ਵਿੱਚ ਹੈ। ਤੁਸੀਂ ਅੱਜ ਸਮੱਗਰੀ ਲੈ ਕੇ ਮੰਦਰ ਲਈ ਤਿਆਰ ਹੋ ਜਾਵੋ।

*—ਬਾਕੀ ਹਿੱਸਾ ਪੰਨਾ 19 'ਤੇ ਪੜ੍ਹੋ ਜੀ*

# ਸਵਾਲ ਜਵਾਬ

# ਜ਼ਿੰਦਗੀ ਦੀਆਂ ਬਰੀਕੀਆਂ

ਸਤਿਗੁਰੂ ਜੀ ਦੀ ਕ੍ਰਿਪਾ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਪ੍ਰੇਰਨਾ ਨਾਲ ਜ਼ਿੰਦਗੀ ਦੀਆਂ ਬਰੀਕੀਆਂ ਕਾਲਮ **'ਸਿਫਤਿ ਸਾਲਾਹ ਰਸਾਲੇ'** ਵਿੱਚ ਪਿਛਲੇ ਕਈ ਸਾਲਾਂ ਤੋਂ ਪ੍ਰਕਾਸ਼ਿਤ ਹੋ ਰਿਹਾ ਹੈ। ਇਸ ਕਾਲਮ ਵਿੱਚ ਭਾਈ ਸਾਹਿਬ ਜੀ ਦੇ ਕੀਰਤਨ ਦੇ ਉਨ੍ਹਾਂ ਅੰਸ਼ਾਂ ਨੂੰ ਸਵਾਲ-ਜਵਾਬ ਦੇ ਰੂਪ ਵਿੱਚ ਹੂ-ਬ-ਹੂ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ ਜਿਨ੍ਹਾਂ ਵਿੱਚ ਭਾਈ ਸਾਹਿਬ ਕੀਰਤਨ ਕਰਦਿਆਂ ਸੰਗਤਾਂ ਨੂੰ ਆਮ ਪੇਸ਼ ਆਉਂਦੀਆਂ ਦੁਨਿਆਵੀ ਤੇ ਅਧਿਆਤਮਿਕ ਸਮੱਸਿਆਵਾਂ ਦਾ ਗੁਰਮਤਿ ਅਨੁਸਾਰ ਸਮਾਧਾਨ ਕਰਨ ਦੀ ਪ੍ਰੇਰਨਾ ਦਿੰਦੇ ਹਨ। ਇਸ ਤੋਂ ਇਲਾਵਾ ਉਨ੍ਹਾਂ ਸਵਾਲਾਂ ਨੂੰ ਵੀ ਇਸ ਕਾਲਮ ਦਾ ਹਿੱਸਾ ਬਣਾਇਆ ਜਾਂਦਾ ਹੈ ਜਿਨ੍ਹਾਂ ਰਾਹੀਂ ਸਮੇਂ-ਸਮੇਂ ਸੰਗਤਾਂ ਭਾਈ ਸਾਹਿਬ ਤੋਂ ਗੁਰਮਤਿ ਅਨੁਸਾਰ ਦੁਨਿਆਵੀ ਤੇ ਅਧਿਆਤਮਿਕ ਸੇਧ ਪ੍ਰਾਪਤ ਕਰਦੀਆਂ ਹਨ।

18. **ਸਵਾਲ: ਸਤਿਕਾਰਯੋਗ ਵੀਰ ਜੀ, ਮੈਨੂੰ ਨਾਮ ਜਪਦਿਆਂ ਬਹੁਤ ਮੁਸ਼ਕਲਾਂ ਆਉਂਦੀਆਂ ਹਨ। ਮਨ ਵਾਰ-ਵਾਰ ਭਟਕਦਾ ਹੈ ਸਿਮਰਨ ਵਿੱਚ ਬੈਠਦਿਆਂ ਮਨ ਥੋੜ੍ਹੇ ਚਿਰ ਵਿੱਚ ਹੀ ਸਿਮਰਨ ਵਿੱਚੋਂ ਨਿਕਲ ਜਾਂਦਾ ਹੈ ਜਿਸ ਕਰਕੇ ਬਹੁਤ ਦੁਖੀ ਹੁੰਦੀ ਹਾਂ। ਦੱਸੋ, ਮੈਂ ਕੀ ਕਰਾਂ?**

**ਜਵਾਬ:** ਜਦੋਂ ਕੋਈ ਆਦਮੀ ਸੈਰ ਕਰਨ ਜਾ ਰਿਹਾ ਹੋਵੇ ਅਤੇ ਜਦ ਉਹ ਪੱਧਰੇ ਰਸਤੇ 'ਤੇ ਚਲਦਾ ਹੈ ਤਾਂ ਉਸ ਦੇ ਸਵਾਸ ਨਹੀਂ ਫੁੱਲਦੇ ਪਰ ਜਦੋਂ ਉਹ ਚੜ੍ਹਾਈ ਚੜ੍ਹ ਕੇ ਸੈਰ ਕਰਨ ਜਾਂਦਾ ਹੈ ਤਾਂ ਉਸ ਦੇ ਸਵਾਸ ਵੀ ਫੁੱਲਦੇ ਹਨ, ਉਹ ਥੱਕ ਵੀ ਜਾਂਦਾ ਹੈ ਅਤੇ ਪੈਰ ਵੀ ਦੁੱਖਦੇ ਹਨ। ਪਰਮਾਰਥ ਦਾ ਰਸਤਾ ਚੜ੍ਹਾਈ ਦਾ ਰਸਤਾ ਹੈ। ਇਹ ਮਾਰਗ ਇਤਨਾ ਆਸਾਨ ਨਹੀਂ ਹੈ। ਮਨ ਨੀਵਾਂ ਰੱਖੋ, ਸਰਬੱਤ ਦਾ ਭਲਾ ਮੰਗੋ ਤੇ ਸਹਿਜੇ ਸਹਿਜੇ ਆਪਣੀ ਮੰਜ਼ਿਲ ਵੱਲ ਅੱਗੇ ਵੱਧਦੇ ਜਾਓ। ਮਨ ਨੀਵਾਂ ਰੱਖਣਾ ਤੇ ਸਰਬੱਤ ਦਾ ਭਲਾ ਮੰਗਣਾ। ਇਹ ਨਾਮ ਜਪਣ ਵਿੱਚ ਪਰਹੇਜ਼ ਹੈ। ਪਰਹੇਜ਼ ਨਾ ਛੱਡਣਾ, ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਸਹਾਈ ਹੋਣਗੇ।

ooo

19. **ਸਵਾਲ: ਸਤਿਕਾਰਯੋਗ ਵੀਰ ਜੀ, ਕਲਯੁੱਗ ਦਾ ਸਮਾਂ ਚੱਲ ਰਿਹਾ ਹੈ। ਪੰਜ ਵਿਕਾਰਾਂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਦੀ ਅੱਗ ਲੱਗੀ ਹੋਈ ਹੈ। ਹਰ ਸਮੇਂ ਇਹ ਵਿਕਾਰ ਮਨੁੱਖ ਦੀ ਅਧਿਆਤਮਿਕ ਬਿਰਤੀ ਨੂੰ ਖੋਰਾ ਲਗਾ ਰਹੇ ਹਨ। ਇਸ ਤੋਂ ਕਿਵੇਂ ਬਚਿਆ ਜਾਵੇ?**

**ਜਵਾਬ:** ਪੰਜਵੇਂ ਪਾਤਸ਼ਾਹ ਜੀ ਦਾ ਬਚਨ ਹੈ ਕੋਈ ਵਿਰਲਾ ਹੀ ਐਸਾ ਬਲਵਾਨ ਮਨੁੱਖ ਹੈ ਜਿਸ ਨੇ ਗੁਰੂ ਸਾਹਿਬ ਦੀ ਕਿਰਪਾ ਨਾਲ ਪੰਜਾਂ ਸੂਰਬੀਰਾਂ ਨੂੰ ਮਾਰ ਲਿਆ ਹੋਵੇ। ਜਗਤ ਵਿੱਚ ਉਹ ਹੀ ਪੂਰਨ ਪੁਰਖ ਹੈ, ਜਿਸ ਨੇ ਇਨ੍ਹਾਂ ਪੰਜਾਂ ਨੂੰ ਮਾਰ ਕੇ ਲੀਰਾਂ-ਲੀਰਾਂ ਕਰ ਦਿੱਤਾ ਹੈ। ਇਨ੍ਹਾਂ ਪੰਜਾਂ ਦੀ ਵੱਡੀ ਫੌਜ ਹੈ ਤੇ ਇਹ

ਨਾ ਹੀ ਕਿਸੇ ਪਾਸੋਂ ਡਰ ਕੇ ਭੱਜਦੇ ਹਨ। ਇਨ੍ਹਾਂ ਦੀ ਫੌਜ ਮਜ਼ਬੂਤ ਤੇ ਹੱਠ ਵਾਲੀ ਹੈ। ਇਨ੍ਹਾਂ ਤੋਂ ਬਚਣ ਦਾ ਕੇਵਲ ਇੱਕ ਹੀ ਹੱਲ ਹੈ, ਸਤਿਸੰਗ। ਸਿਰਫ ਉਸ ਮਨੁੱਖ ਨੇ ਇਨ੍ਹਾਂ ਨੂੰ ਚੰਗੀ ਤਰ੍ਹਾਂ ਲਿਤਾੜਿਆ ਹੈ ਜਿਹੜਾ ਸਾਧ ਸੰਗਤ ਦੇ ਆਸਰੇ ਵਿੱਚ ਰਹਿ ਕੇ ਨਾਮ ਦੀ ਕਮਾਈ ਕਰਦਾ ਰਹਿੰਦਾ ਹੈ।

***ਜਿਨਿ ਮਿਲਿ ਮਾਰੇ ਪੰਚ ਸੂਰਬੀਰ ਐਸੋ ਕਉਨੁ ਬਲੀ ਰੇ ॥***
***ਜਿਨਿ ਪੰਚ ਮਾਰਿ ਬਿਦਾਰਿ ਗੁਦਾਰੇ***
***ਸੋ ਪੂਰਾ ਇਹ ਕਲੀ ਰੇ ॥੧॥ ਰਹਾਉ ॥***
***ਵਡੀ ਕੌਮ ਵਸਿ ਭਾਗਹਿ ਨਾਹੀ***
***ਮੁਹਕਮ ਫਉਜ ਹਠਲੀ ਰੇ ॥***
***ਕਹੁ ਨਾਨਕ ਤਿਨਿ ਜਨਿ ਨਿਰਦਲਿਆ***
***ਸਾਧਸੰਗਤਿ ਕੈ ਝਲੀ ਰੇ ॥੨॥੩॥੩੨॥***

***(ਅੰਗ ੪੦੪)***

ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਬਚਨ ਹੈ ਕਿ ਜਦ ਕਿਸੇ ਜੰਗਲ ਵਿੱਚ ਅੱਗ ਲੱਗ ਜਾਵੇ ਤੇ ਉਸ ਜੰਗਲ ਵਿੱਚ ਜਿਤਨੇ ਵੀ ਜਾਨਵਰ ਹੁੰਦੇ ਹਨ, ਉਹ ਕੀ ਕਰਨ? ਜੰਗਲ ਵਿੱਚ ਜਿਹੜੀ ਨਦੀ ਹੈ, ਉਸ ਵਿੱਚ ਛਾਲ ਮਾਰ ਦੇਣ। ਹਾਂ, ਜਿਹੜੇ ਜਾਨਵਰ ਨਦੀ ਵਿੱਚ ਛਾਲ ਮਾਰ ਦਿੰਦੇ ਹਨ, ਉਹ ਤਾਂ ਬਚ ਜਾਂਦੇ ਹਨ, ਬਾਕੀ ਅੱਗ ਵਿੱਚ ਸੜ ਜਾਂਦੇ ਹਨ। ਇਹ ਜੋ ਸਮਾਂ ਚੱਲ ਰਿਹਾ ਹੈ, ਇਸ ਸਮੇਂ ਵੀ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਨਿੰਦਿਆ, ਚੁਗਲੀ, ਈਰਖਾ ਦਵੈਸ਼ ਦੀ ਅੱਗ ਲੱਗੀ ਪਈ ਹੈ। ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਦਾ ਬਚਨ ਹੈ- ਇਨ੍ਹਾਂ ਵਿਕਾਰਾਂ ਦੀ ਅੱਗ ਤੋਂ ਬਚਣ ਲਈ ਇੱਕ ਰਸਤਾ ਹੈ ਕਿ ਸੰਗਤ ਰੂਪੀ ਨਦੀ ਵਿੱਚ ਛਾਲ ਮਾਰ ਦਿਓ, ਤੁਸੀਂ ਬਚ ਜਾਵੋਗੇ। ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਸੰਗਤ ਰੂਪੀ ਪੁਲ ਸਾਡੀ ਝੋਲੀ ਪਾਇਆ ਹੈ। ਇਸ ਲਈ ਕਿੰਨੇ ਹੀ ਕੰਮ ਜ਼ਰੂਰੀ ਹੋਣ ਪਰ ਸੰਗਤ ਦੀਆਂ ਘੜੀਆਂ ਨਾ ਛੱਡਿਆ ਕਰੀਏ।

ਭਾਈ ਅੱਡਣ ਸ਼ਾਹ ਜੀ ਦਾ ਵੀ ਬਚਨ ਹੈ ਕਿ 20 ਕੰਮ ਵੀ ਜ਼ਰੂਰੀ ਹੋਣ, ਉਹ ਪਿੱਛੇ ਪਾ ਦਿਓ, ਪਰ ਸੰਗਤ ਦੀਆਂ ਘੜੀਆਂ ਨਾ ਛੱਡਿਆ ਕਰੋ। ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਗੁਰਬਾਣੀ ਵਿੱਚ ਫ਼ਰਮਾਨ ਕਰਦੇ ਹਨ:

***ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ ॥***

***(ਅੰਗ ੧੦)***

○○○

**20. ਸਵਾਲ: ਸਤਿਕਾਰਯੋਗ ਵੀਰ ਜੀ, ਕਈ ਵਾਰ ਪਾਠ ਕਰਦੇ ਕਰਦੇ ਮਨ ਬਹੁਤ ਕਾਹਲਾ ਪੈ ਜਾਂਦਾ ਹੈ। ਕੋਈ ਜੁਗਤੀ ਝੋਲੀ ਪਾਓ ਜਿਸ ਨਾਲ ਮਨ ਕਾਹਲਾ ਨਾ ਪਵੇ।**

**ਜਵਾਬ:** ਸਾਧਨਾ ਕਰਨ ਸਮੇਂ ਹਰ ਵੇਲੇ ਮਨ ਦੀ ਅਵਸਥਾ ਅਲੱਗ-ਅਲੱਗ ਹੁੰਦੀ ਹੈ। ਕਿਸੇ ਵੇਲੇ ਮਨ ਜੁੜ ਜਾਂਦਾ ਹੈ ਤੇ ਕਿਸੇ ਵੇਲੇ ਨਹੀਂ। ਇੱਕ ਮਹਾਂਪੁਰਸ਼ਾਂ ਦੇ ਘਰ ਦਾਸ ਗਿਆ ਸੀ। ਦਾਸ ਨੇ ਖੁਦ ਆਪਣੀ ਅੱਖੀਂ ਵੇਖਿਆ। ਉਨ੍ਹਾਂ ਨੇ ਘਰ ਵਿੱਚ ਨਾਮ-ਬੰਦਗੀ ਲਈ ਦਸ ਢੰਗ ਅਲੱਗ-ਅਲੱਗ ਰੱਖੇ ਹੋਏ ਸਨ, ਜਿਵੇਂ- ਆਸਣ, ਗੁਟਕਾ ਸਾਹਿਬ, ਬਿਰਾਗਣ, ਝੂਲਾ, ਮਾਲਾ, ਕੈਸਟਾਂ, ਖਲ੍ਹੋ ਕੇ, ਵੱਡੀ ਬਿਰਾਗਣ ਲੱਕੜ ਦੀ ਆਦਿ। ਨਾਮ ਜਪਦਿਆਂ-ਜਪਦਿਆਂ ਜਦੋਂ ਕਦੀ ਤੁਹਾਡਾ ਮਨ ਕਾਹਲਾ ਪਵੇ ਤਾਂ ਢੰਗ ਬਦਲਾਈ ਜਾਓ, ਪਰ ਨਾਮ ਜਪਣਾ ਨਾ ਛੱਡੋ।

***ਸਤਿਗੁਰੁ ਮਿਲੈ ਤ ਮਨੂਆ ਟੇਕੈ ॥***
***ਰਾਮ ਨਾਮੁ ਦੇ ਸਰਣਿ ਪਰੇਕੈ ॥***

***(ਅੰਗ ੧੦੨੯)***

○○○

**21. ਸਵਾਲ: ਸਤਿਕਾਰਯੋਗ ਵੀਰ ਜੀ, ਮੈਂ ਬਹੁਤ ਕੋਸ਼ਿਸ਼ ਕਰਦੀ ਹਾਂ ਕਿ ਮੇਰੀਆਂ ਸਾਰੀਆਂ ਬੁਰੀਆਂ ਆਦਤਾਂ ਖਤਮ ਹੋ ਜਾਣ, ਪਰ ਫਿਰ ਵੀ ਮਨ ਵਿੱਚ ਗਲਤ ਵਿਚਾਰ ਜਾਗ ਉੱਠਦੇ ਹਨ। ਦੱਸੋ, ਮੈਂ ਕੀ ਕਰਾਂ?**

**ਜਵਾਬ:** ਸੰਗਤ ਕਰਨ ਨਾਲ ਇਹ ਪਤਾ ਲੱਗ ਜਾਂਦਾ ਹੈ ਕਿ ਸਾਡਾ ਮਨ ਗਲਤ ਪਾਸੇ ਜਾ ਰਿਹਾ ਹੈ

ਜਾਂ ਸਹੀ ਪਾਸੇ। ਕਈ ਲੋਕ ਤਾਂ ਐਸੇ ਹੁੰਦੇ ਹਨ ਜਿਨ੍ਹਾਂ ਨੂੰ ਇਹ ਵੀ ਨਹੀਂ ਪਤਾ ਹੁੰਦਾ ਕਿ ਉਹ ਗਲਤੀ ਕਰ ਰਹੇ ਹਨ। ਇੱਕ ਵਾਰੀ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੂੰ ਸਿੱਧਾਂ ਨੇ ਪੁੱਛਿਆ ਸੀ ਕਿ ਮਨ ਕਿਵੇਂ ਵੱਸ ਆਵੇ? ਉਨ੍ਹਾਂ ਸਿੱਧਾਂ ਨੂੰ ਸਤਿਗੁਰੂ ਜੀ ਨੇ ਪ੍ਰੇਰਨਾ ਦਿੱਤੀ ਸੀ ਕਿ ਮਨ ਜਿੱਥੋਂ ਮੁੜਦਾ ਹੈ, ਮੋੜ ਲਵੋ ਭਾਵ ਕਿ ਕੋਈ ਕੰਮ ਬੁਰਾ ਮਨ ਵਿੱਚ ਆਇਆ ਹੈ ਪਰ ਕੀਤਾ ਨਹੀਂ, ਕੋਸ਼ਿਸ਼ ਕਰੋ ਉੱਥੋਂ ਹੀ ਮੋੜ ਲਓ। ਕਿਤੇ ਸਰੀਰ ਕਰਕੇ ਕਰਮ ਨਾ ਬਣ ਜਾਵੇ। ਇੱਕ ਦਿਨ ਆਵੇਗਾ, ਇਹ ਮੋੜ ਇੰਨਾ ਛੋਟਾ ਹੋ ਜਾਵੇਗਾ ਕਿ ਤੁਸੀਂ ਕੋਈ ਬੁਰਾ ਕੰਮ ਕਰਨ ਤੋਂ ਪਹਿਲਾਂ ਹੀ ਰੁਕ ਜਾਵੋਗੇ। ਸਤਿਗੁਰੂ ਜੀ ਵੀ ਗੁਰਬਾਣੀ ਵਿੱਚ ਫ਼ਰਮਾਨ ਕਰਦੇ ਹਨ :

*ਕਰਿ ਹੁਕਮੁ ਮਸਤਕਿ ਹਥੁ ਧਰਿ*
*ਵਿਚਹੁ ਮਾਰਿ ਕਢੀਆ ਬੁਰਿਆਈਆ ॥*

*(ਅੰਗ ੪੭੩)*

ooo

---

*ਪੰਨਾ 16 ਦਾ ਬਾਕੀ ਹਿੱਸਾ—*

ਹੁਣ ਧ੍ਰਿਸ਼ਟ ਬੁੱਧੀ ਨੇ ਬਾਹਰੋਂ ਕੁਝ ਆਦਮੀਆਂ ਨੂੰ ਮੋਹਰਾਂ ਦੇ ਕੇ ਕਿਹਾ, ਅੱਜ ਸ਼ਾਮ ਨੂੰ ਜੋ ਗੱਭਰੂ ਮੰਦਰ ਵਿੱਚ ਆਵੇਗਾ ਉਸ ਦਾ ਕਤਲ ਕਰ ਦਿਓ। ਚੰਦਰਹਾਂਸ ਸਮੱਗਰੀ ਲੈ ਕੇ ਮੰਦਰ ਜਾਣ ਲਈ ਤਿਆਰ ਹੋ ਗਿਆ, ਪਰ ਇਹ ਗੱਲ ਆਪਣੀ ਪਤਨੀ ਨਾਲ ਪ੍ਰਗਟ ਨਾ ਕੀਤੀ। ਚੰਦਰਹਾਂਸ ਅਜੇ ਥੋੜ੍ਹੀ ਦੂਰ ਹੀ ਗਿਆ ਕਿ ਉਸਦਾ ਸਾਲਾ ਮਦਨ, ਉਸ ਨੂੰ ਮਿਲ ਗਿਆ ਕਿ ਆਪ ਨੂੰ ਰਾਜੇ ਨੇ ਬਹੁਤ ਜਲਦੀ ਬੁਲਾਇਆ ਹੈ। ਇਹ ਸਮੱਗਰੀ ਲੈ ਕੇ ਮੈਂ ਮੰਦਰ ਪਹੁੰਚਦਾ ਹਾਂ ਤੇ ਤੁਸੀਂ ਰਾਜੇ ਦੀ ਗੱਲ ਸੁਣ ਕੇ ਆ ਜਾਣਾ। ਇਹ ਆਖ ਕੇ ਧ੍ਰਿਸ਼ਟ ਬੁੱਧੀ ਦੇ ਪੁੱਤਰ ਮਦਨ ਨੇ ਸਮੱਗਰੀ ਫੜ ਲਈ ਤੇ ਚੰਦਰਹਾਂਸ ਨੂੰ ਮਹਿਲਾਂ ਵੱਲ ਤੋਰ ਦਿੱਤਾ ਕਿਉਂਕਿ ਕੁੰਤਲਪੁਰ ਦਾ ਰਾਜਾ ਵੀ ਆਪਣੀ ਧੀ ਦਾ ਰਿਸ਼ਤਾ ਚੰਦਰਹਾਂਸ ਨਾਲ ਕਰਨਾ ਚਾਹੁੰਦਾ ਸੀ। ਮਦਨ ਜਦੋਂ ਮੰਦਰ ਨੇੜੇ ਪਹੁੰਚਿਆ ਤੇ ਉੱਥੇ ਲੁੱਕੇ ਆਦਮੀਆਂ ਨੇ ਉਸ ਦਾ ਸਿਰ ਵੱਢ ਦਿੱਤਾ। ਜਦੋਂ ਧ੍ਰਿਸ਼ਟ ਬੁੱਧੀ ਨੂੰ ਇਹ ਪਤਾ ਲੱਗਾ ਤਾਂ ਉਸਨੇ ਆਪੇ ਹੀ ਕਟਾਰ ਮਾਰ ਕੇ ਆਤਮ ਹੱਤਿਆ ਕਰ ਲਈ।

ਧੰਨ ਸ੍ਰੀ ਗੁਰੂ ਰਾਮਦਾਸ ਪਾਤਸ਼ਾਹ ਜੀ ਆਖਦੇ ਹਨ, ਪਰਮਾਤਮਾ ਹਰ ਥਾਂ ਮੌਜੂਦ ਹੈ ਪਰ ਬੰਦੇ ਨੂੰ ਇਹ ਸਮਝ ਨਹੀਂ ਆਉਂਦੀ। ਹਰ ਜੀਵ ਆਪਣੇ ਮਨ ਵਿੱਚ ਬੀਜੇ ਕਰਮਾਂ ਦਾ ਫਲ ਖਾਂਦਾ ਤੇ ਦੁਖੀ ਹੁੰਦਾ ਹੈ ਜਿਵੇਂ ਧ੍ਰਿਸ਼ਟ ਬੁੱਧੀ ਵਜ਼ੀਰ, ਭਗਤੀ ਕਰਨ ਵਾਲੇ ਚੰਦਰਹਾਂਸ ਦਾ ਬੁਰਾ ਸੋਚਦਾ ਸੋਚਦਾ ਆਪਣੇ ਹੀ ਘਰ ਨੂੰ ਚੁਆਤੀ ਲਾ ਕੇ ਸਾੜ ਬੈਠਾ।

*ਸਭੁ ਹੈ ਬ੍ਰਹਮੁ ਬ੍ਰਹਮੁ ਹੈ ਪਸਰਿਆ*
*ਮਨਿ ਬੀਜਿਆ ਖਾਵਾਰੇ ॥*
*ਜਿਉ ਜਨ ਚੰਦ੍ਰਹਾਂਸੁ ਦੁਖਿਆ*
*ਧ੍ਰਿਸਟਬੁਧੀ ਅਪੁਨਾ ਘਰੁ ਲੂਕੀ ਜਾਰੇ ॥੬॥*

*(ਅੰਗ ੯੮੨)*

ਭਗਤ ਕਬੀਰ ਜੀ ਵੀ ਅਜਿਹੇ ਲੋਕਾਂ ਬਾਰੇ ਲਿਖਦੇ ਹਨ :

*ਆਪੁ ਗਏ ਅਉਰਨ ਹੂ ਖੋਵਹਿ ॥*
*ਆਗਿ ਲਗਾਇ ਮੰਦਰ ਮੈ ਸੋਵਹਿ ॥੫॥*

*(ਅੰਗ ੩੩੨)*

ਇਸੇ ਲਈ ਧੰਨ ਸ੍ਰੀ ਗੁਰੂ ਤੇਗ ਬਹਾਦਰ ਪਾਤਸ਼ਾਹ ਜੀ ਕਹਿੰਦੇ ਹਨ ਮਾਇਆ ਦੇ ਨਸ਼ੇ ਵਿੱਚ ਪੁਰਸ਼ ਚੰਗਾ ਮੰਦਾ ਕੁਝ ਨਹੀਂ ਪਛਾਣਦਾ ਤੇ ਉਸ ਦੇ ਗੱਲ ਜਮਾਂ ਦੀ ਫਾਹੀ ਪੈ ਜਾਂਦੀ ਹੈ।

*—ਬਾਕੀ ਸਲੋਕ ਅਗਲੇ ਅੰਕ ਵਿੱਚ ਪੜ੍ਹੋ ਜੀ*

ooo



## ਜੀਵਨ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ

# ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥

*-ਭਾਈ ਅਮਰੀਕ ਸਿੰਘ ਗਨੈਸਕ*

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

ਪਰਮੇਸ਼ਰ ਵਿੱਚ ਅਭੇਦ ਪੁਰਖਾਂ ਤੇ ਸ਼ਰਧਾ ਵੱਡੇ ਭਾਗਾਂ ਨਾਲ ਹੀ ਬਨਦੀ ਹੈ। ਆਮ ਤੌਰ ਤੇ ਦੇਖਣ ਵਿੱਚ ਆਉਂਦਾ ਹੈ ਕਿ ਬਚਪਨ ਦੇ ਮਿੱਤਰ ਅਤੇ ਰਿਸ਼ਤੇਦਾਰ ਅਪਣੱਤ ਭਾਵੇਂ ਰੱਖਣ, ਸ਼ਰਧਾਵਾਨ ਘੱਟ ਹੁੰਦੇ ਹਨ, ਪਰ ਬਾਬਾ ਜੀ ਦੇ ਪਿੰਡ ਆਲੋਵਾਲ ਦੀ ਸੰਗਤ, ਬਚਪਨ ਦੇ ਮਿੱਤਰ ਅਤੇ ਪਰਿਵਾਰ ਸ਼ਰਧਾ ਭਾਵਨਾ ਰੱਖਦੇ ਸਨ। ਨਾਸਤਕ ਬਿਰਤੀ ਵਾਲੇ ਹਰ ਥਾਂ ਹੁੰਦੇ ਹਨ, ਆਲੋਵਾਲ ਵਿਖੇ ਜ਼ਿਆਦਾ ਸੰਗਤ ਪ੍ਰੇਮ ਭਾਵ ਵਾਲੀ ਸੀ। ਲਗਭਗ ਇੱਕ ਸਾਲ ਤੋਂ ਸੰਗਤ ਵੱਲੋਂ ਪਿੰਡ ਵਿੱਚ ਸਮਾਂ ਦੇਣ ਦੀ ਬੇਨਤੀ ਕੀਤੀ ਜਾ ਰਹੀ ਸੀ, ਪਰ ਸਮਾਂ ਨਹੀਂ ਸੀ ਮਿਲ ਰਿਹਾ। ਕਾਰਨ ਇਹ ਸੀ ਕਿ ਭਾਰਤ-ਪਾਕਿ ਵੰਡ ਸਮੇਂ ਹੋਏ ਫਸਾਦਾਂ ਸਮੇਂ ਰਾੜਾ ਸਾਹਿਬ ਵਿਖੇ ਬਹੁਤ ਸਾਰੇ ਸ਼ਰਨਾਰਥੀ ਆ ਗਏ ਸਨ, ਜਿਨ੍ਹਾਂ ਦੀ ਸੰਭਾਲ ਕੀਤੀ ਗਈ। ਇਸ ਦੌਰਾਨ ਕੁਝ ਅਰਸਾ ਮਹਾਂਪੁਰਖਾਂ ਨੇ ਕਿਤੇ ਸਮਾਂ ਨਹੀਂ ਦਿੱਤਾ ਸੀ।

ਦੇਸ਼ ਵੰਡ ਤੋਂ ਦੋ ਕੁ ਸਾਲ ਪਹਿਲਾਂ ਹਰਖੋਵਾਲ ਵਾਲੇ ਮਹਾਂਪੁਰਖ ਸ੍ਰੀਮਾਨ ਸੰਤ ਬਾਬਾ ਜਵਾਲਾ ਸਿੰਘ ਜੀ, ਬਾਬਾ ਸੁੱਚਾ ਸਿੰਘ ਜੀ ਨਾਲ ਕਰਮਸਰ ਰਾੜਾ ਸਾਹਿਬ ਆਏ ਸਨ। ਰਾੜਾ ਸਾਹਿਬ ਵਾਲੇ ਮਹਾਂਪੁਰਖਾਂ ਨੇ ਬਹੁਤ ਸਤਿਕਾਰ ਕੀਤਾ। ਆਪਸ ਵਿੱਚ ਪ੍ਰੇਮ ਭਰੇ ਅਤੇ ਪਰਮਾਰਥਕ ਬਚਨ ਹੋਏ।

"ਸੰਤ ਜੀ !" ਹਰਖੋਵਾਲ ਵਾਲੇ ਮਹਾਂਪੁਰਖਾਂ ਨੇ ਬਚਨ ਕੀਤਾ, "ਬਹੁਤ ਭਿਆਨਕ ਸਮਾਂ ਆ ਰਿਹਾ ਹੈ। ਕਤਲੋਗਾਰਤ ਹੋਵੇਗੀ। ਲੋਕ ਘਰੋਂ ਬੇਘਰ ਹੋ ਜਾਣਗੇ। ਨਹਿਰਾਂ ਦਾ ਪਾਣੀ ਵੀ ਲਹੂ ਨਾਲ ਲਾਲ ਹੋ ਜਾਵੇਗਾ।"

ਇਹ ਇਸ਼ਾਰਾ ਸੀ ਸੰਨ ਸੰਤਾਲੀ ਵਿੱਚ ਵਰਤਣ ਵਾਲੀ ਭਾਵੀ ਵੱਲ ਹੀ ਸੀ। ਰਾੜਾ ਸਾਹਿਬ ਵਾਲੇ ਮਹਾਂਪੁਰਖਾਂ ਨੇ ਬਚਨ ਕੀਤਾ, "ਆਪ ਜੀ ਕਿਰਪਾ ਕਰੋ। ਆਪ ਜੈਸੇ ਮਹਾਂਪੁਰਖ ਹੀ ਇਸ ਭਿਆਨਕ ਅੱਗ ਤੋਂ ਦੁਨੀਆਂ ਨੂੰ ਬਚਾ ਸਕਦੇ ਹੋ।"

ਸੰਸਾਰ ਤੇ ਭਿਆਨਕ ਜਾਂ ਚੰਗੇ ਵਰਤਾਰੇ ਬੀਜੇ ਗਏ ਕਰਮਾਂ ਦੇ ਅਧਾਰ ਤੇ ਹੁੰਦੇ ਹਨ। ਮਹਾਂਪੁਰਖਾਂ ਦਾ ਹਿਰਦਾ ਕੋਮਲ ਹੁੰਦਾ ਹੈ। ਇੱਕ ਪਾਸੇ ਨਿਰੰਕਾਰ ਦੀ ਮਰਿਆਦਾ ਹੈ ਕਿ ਕੀਤੇ ਕਰਮ ਭੁਗਤਣੇ ਹੀ ਪੈਂਦੇ ਹਨ, ਦੂਸਰੇ ਪਾਸੇ ਜੀਵਾਂ ਦੀ ਕੁਰਲਾਹਟ। ਮਹਾਂਪੁਰਖ ਭਾਣੇ ਵਿੱਚ ਵੀ ਰਹਿੰਦੇ ਹਨ, ਜੀਵਾਂ ਦੀ ਦੁਰਦਸ਼ਾ ਤੇ ਤਰਸ ਵੀ ਕਰਦੇ ਹਨ। ਸ਼ੁਭ ਕਰਮਾਂ ਲਈ ਪ੍ਰੇਰਦੇ ਹਨ। ਭਿਆਨਕ ਵਰਤਾਰਾ ਘੱਟ ਤੋਂ ਘੱਟ ਹੋਵੇ ਇਸ ਲਈ ਰੂਹਾਨੀ ਤੌਰ ਤੇ ਜੋ ਕਿਰਪਾ ਕਰਦੇ ਹਨ, ਸੰਸਾਰ ਇਸ ਗੱਲੋਂ ਅਣਜਾਣ ਹੀ ਰਹਿੰਦਾ ਹੈ। ਕਦੇ-ਕਦੇ ਕੋਈ ਗੱਲ ਪਰਗਟ ਹੋ ਜਾਂਦੀ ਹੈ, ਮਹਾਂਪੁਰਖ ਤਾਂ ਇਨ੍ਹਾਂ ਵਰਤਾਰਿਆ ਨੂੰ ਗੁਪਤ ਹੀ ਰੱਖਦੇ ਹਨ। ਇਸ ਦੇ ਨਾਲ ਹੀ ਇਹੋ ਜਹਿਆ ਸਮਿਆਂ ਵਿੱਚ

ਪ੍ਰਭਾਵਿਤ ਲੋਕਾਂ ਨੂੰ ਆਸਰਾ ਦਿੰਦੇ ਹਨ।

ਹਰਖੋਵਾਲ ਵਾਲੇ ਮਹਾਂਪੁਰਖਾਂ ਨੇ ਬਚਨ ਕੀਤਾ ਸੀ, "ਇਹੋ ਜਿਹੇ ਸਮੇਂ ਹੀ ਸਾਧੂ ਦੇ ਤਿਆਗ ਦੀ ਪਰਖ ਹੁੰਦੀ ਹੈ। ਤੁਸੀਂ ਹੀ ਹੋਤੀ ਮਰਦਾਨ ਦੇ ਸ਼ੁਭ ਨਾਮ ਨੂੰ ਚਮਕਾਉਣਾ ਹੈ।"

ਇਹ ਰਮਜ਼ ਭਰਪੂਰ ਬਚਨ ਸੀ। 1947 ਵਿੱਚ ਇਧਰੋਂ ਜਾਣ ਵਾਲੇ ਅਤੇ ਉਧਰੋਂ ਆਉਣ ਵਾਲਿਆਂ ਨੇ ਕਰਮਸਰ ਰਾੜਾ ਸਾਹਿਬ ਆਸਰਾ ਲਿਆ ਸੀ। ਉਸ ਦੌਰਾਨ ਆਲੋਵਾਲ ਨੂੰ ਸਮਾਂ ਨਹੀਂ ਮਿਲਿਆ। ਮਾਰਚ 1948 ਵਿੱਚ ਆਲੋਵਾਲ ਤੋਂ ਸੰਗਤ ਆਈ ਤਾਂ ਸਮਾਂ ਮਿਲ ਗਿਆ।

ਨੀਯਤ ਦਿਨ ਆਲੋਵਾਲ ਪਹੁੰਚੇ। ਸੰਗਤ ਵਿੱਚ ਬਹੁਤ ਉਤਸ਼ਾਹ ਸੀ। ਬੇਨਤੀ ਕਰਨ ਵਾਲਿਆਂ ਵਿੱਚ ਚਾਚਾ ਜੀ ਦੇ ਬੇਟੇ ਸ੍ਰ. ਕਰਤਾਰ ਸਿੰਘ ਅਤੇ ਸ੍ਰ. ਸਰਵਨ ਸਿੰਘ ਮੋਹਰੀ ਸਨ। ਰਿਹਾਇਸ਼ ਦਾ ਪ੍ਰਬੰਧ ਸ੍ਰ. ਕਰਤਾਰ ਸਿੰਘ ਦੇ ਘਰ ਕੀਤਾ ਗਿਆ ਸੀ।

ਮਹਾਂਪੁਰਖਾਂ ਦੇ ਦਰਸ਼ਨ ਹਰ ਕੋਈ ਆਪੋ ਆਪਣੀ ਭਾਵਨਾ ਅਨੁਸਾਰ ਕਰਦਾ ਹੈ। ਕਈ ਭੇਦ ਸਮੇਂ ਦੇ ਨਾਲ ਹੌਲੀ ਹੌਲੀ ਖੁੱਲ੍ਹਦੇ ਹਨ, ਜਿਨ੍ਹਾਂ ਦਾ ਪਤਾ ਲੱਗਣ ਤੇ ਕਈਆਂ ਨੂੰ ਪਛਤਾਵਾ ਹੁੰਦਾ ਹੈ ਕਿ ਲਾਹਾ ਨਾ ਲੈ ਸਕੇ।

ਜਿਸ ਵੇਲੇ ਬਾਬਾ ਈਸ਼ਰ ਸਿੰਘ ਜੀ ਅਤੇ ਬਾਬਾ ਕਿਸ਼ਨ ਸਿੰਘ ਜੀ ਰੇਰੂ ਸਾਹਿਬ ਵਾਲੇ ਮਹਾਂਪੁਰਖਾਂ ਦੀ ਸੇਵਾ ਵਿੱਚ ਸਨ, ਇੱਕ ਦਿਨ ਅੰਮ੍ਰਿਤ ਵੇਲੇ ਮਹਾਂਪੁਰਖ ਦੋਨਾਂ ਨੂੰ ਲੈ ਕੇ ਜੀ.ਟੀ. ਰੋਡ ਨੇੜੇ ਭਾਈ ਜੀਵਨ ਸਿੰਘ ਦੀ ਬਗੀਚੀ ਵਿੱਚ ਆ ਗਏ। ਰੇਰੂ ਸਾਹਿਬ ਵਾਲੇ ਮਹਾਂਪੁਰਖ ਭੋਰੇ ਵਿੱਚ ਨਿੱਜ ਸਰੂਪ ਵਿੱਚ ਜੁੜ ਬੈਠੇ ਸਨ। ਬਾਬਾ ਈਸ਼ਰ ਸਿੰਘ ਜੀ ਅਤੇ ਬਾਬਾ ਕਿਸ਼ਨ ਸਿੰਘ ਜੀ ਅੰਬਾਂ ਦੇ ਦਰੱਖਤਾਂ ਹੇਠ ਬੈਠ ਕੇ ਸਿਮਰਨ ਵਿੱਚ ਲੀਨ ਹੋ ਗਏ। ਬਾਬਾ ਈਸ਼ਰ ਸਿੰਘ ਜੀ ਦੀ ਉਮਰ ਉਸ ਵੇਲੇ 16-17 ਵਰ੍ਹਿਆਂ ਦੀ ਹੋਵੇਗੀ। ਸਿਮਰਨ ਕਰਦਿਆਂ ਆਪ ਜੀ ਦੇ ਨੇਤਰਾਂ ਵਿੱਚੋਂ ਜਲ ਵਹਿਣ ਲੱਗਾ।

ਪਰਮੇਸ਼ਰ ਦਾ ਵੈਰਾਗ ਅਤਿਅੰਤ ਵੱਡੇ ਭਾਗਾਂ ਨਾਲ ਪ੍ਰਾਪਤ ਹੁੰਦਾ ਹੈ। ਬਹੁਤੇ ਤਾਂ ਇਹੋ ਪੁੱਛਦੇ ਨੇ ਜੀ ਨਾਮ ਵਿੱਚ ਮਨ ਨਹੀਂ ਲੱਗਦਾ। ਪ੍ਰੀਤ ਲੱਗੀ ਹੋਵੇ ਤਾਂ ਮਨ ਕਿਵੇਂ ਨਾ ਲੱਗੇ।

***ਇਹ ਭਲੀ ਹੈ ਰੀਤ, ਜਿਸ ਲੱਗੀ ਹੈ ਪ੍ਰੀਤ,***
***ਮਨ ਓਹਦਾ ਹੈ ਜੁੜਿਆ, ਨਹੀਂ ਕਦੇ ਵੀ ਮੁੜਿਆ,***
***ਉਹ ਤਾਂ ਜਾਣੇ ਅਸਲ, ਬੱਸ ਚਾਹੇ ਇੱਕ ਵਸਲ।***

ਬਾਬਾ ਈਸ਼ਰ ਸਿੰਘ ਜੀ ਦੇ ਨੇਤਰਾਂ ਵਿੱਚੋਂ ਵੈਰਾਗ ਦਾ ਜਲ ਵਹਿ ਰਿਹਾ ਸੀ। ਮੁਖ ਵਿੱਚੋਂ ਹਉਕੇ ਅਤੇ ਸਿਸਕੀਆਂ ਦੀ ਅਵਾਜ਼ ਆ ਰਹੀ ਸੀ। ਇਹ ਅਵਾਜ਼ ਸੁਣ ਕੇ ਮਹਾਂਪੁਰਖਾਂ ਨੇ ਭੋਰੇ ਵਿੱਚੋਂ ਅਵਾਜ਼ ਦੇ ਕੇ ਕੋਲ ਬੁਲਾਇਆ ਅਤੇ ਆਪਣੇ ਕਰ ਕਮਲਾਂ ਨਾਲ ਹੰਝੂ ਪੂੰਝਦਿਆਂ ਬਚਨ ਕੀਤਾ, " ਕਿਉਂ ਐਨੀ ਕਾਹਲੀ ਕਰਦਾ ਹੈਂ। ਤੇਰਾ ਤਾਂ ਪਿਛਲਾ ਤਪ ਹੀ ਬਹੁਤ ਹੈ। ਮੈਂ ਜੋ ਤਪ ਕਰਦਾ ਹਾਂ, ਤੁਹਾਡੇ ਦੋਨਾਂ ਵਾਸਤੇ ਹੀ ਹੈ। ਤੁਹਾਡਾ ਦੋਨਾਂ ਦਾ ਪਿਛਲਾ ਹੀ ਬਹੁਤ ਤਪ ਕੀਤਾ ਹੋਇਆ ਹੈ। ਤੁਹਾਡੇ ਕੋਲੋਂ ਕਰੋੜਾਂ ਜੀਵ ਵਰੋਸਾਏ ਜਾਣਗੇ। ਸੇਵਾ ਸਿਮਰਨ ਦੇ ਛੱਤਰ ਲਾਓਗੇ। ਰਾਜੇ-ਵਜ਼ੀਰ ਦਰਸ਼ਨਾਂ ਲਈ ਉਡੀਕਿਆ ਕਰਨਗੇ। ਲੰਗਰਾਂ ਵਿੱਚ ਕਦੇ ਤੋਟ ਨਹੀਂ ਆਵੇਗੀ।"

ਇਸ ਤਰ੍ਹਾਂ ਬਚਨ ਕਰਦਿਆਂ ਮਹਾਂਪੁਰਖਾਂ ਨੇ ਸਿਰ ਤੇ ਹੱਥ ਰੱਖ ਕੇ ਕਈ ਵਰ ਦਿੱਤੇ। ਇਸ ਤੋਂ ਬਾਅਦ ਮਹਾਂਪੁਰਖਾਂ ਨੇ ਮਨ ਦੀ ਅਵਸਥਾ ਪੁੱਛੀ। ਜੋ ਅਵਸਥਾ ਬਾਬਾ ਈਸ਼ਰ ਸਿੰਘ ਜੀ ਨੇ ਦੱਸੀ ਸੁਣਨ ਵਾਲਾ ਹੈਰਾਨ ਰਹਿ ਜਾਵੇ ਕਿ ਇਸ ਅਵਸਥਾ ਵਿੱਚ

ਵੀ ਵੈਰਾਗ। ਇਸ ਤੋਂ ਅੱਗੇ ਵੀ ਕੋਈ ਅਵਸਥਾ ਹੋ ਸਕਦੀ ਹੈ।

ਰੇਰੂ ਸਾਹਿਬ ਵਾਲੇ ਮਹਾਂਪੁਰਖਾਂ ਨੇ ਰੂਹਾਨੀਅਤ ਦੇ ਗੁਹਝ ਬਚਨ ਕਰ ਕੁਝ ਜ਼ਰੂਰੀ ਹਦਾਇਤਾਂ ਦਿੱਤੀਆਂ। ਸ਼ਾਇਦ ਧੁਰੋਂ ਹੀ ਬਖਸ਼ਿਸ਼ਾਂ ਲੈ ਕੇ ਆਉਣ ਵਾਲੇ ਮਹਾਂਪੁਰਖ ਵੀ ਪੂਰਨੇ ਪਾਉਣ ਲਈ ਵੈਰਾਗ ਦੀ ਅਵਸਥਾ ਦਰਸਾਉਂਦੇ ਨੇ। ਆਲੋਵਾਲ ਦੇ ਵਸਨੀਕ ਇਸ ਗੱਲ ਵਿੱਚ ਮਾਣ ਮਹਿਸੂਸ ਕਰਦੇ ਸਨ ਕਿ ਅਤਿਅੰਤ ਉੱਚ ਕੋਟੀ ਦੇ ਮਹਾਂਪੁਰਖਾਂ ਨੇ ਉਨ੍ਹਾਂ ਦੇ ਪਿੰਡ ਨੂੰ ਭਾਗ ਲਾਏ। ਸ੍ਰ. ਕਰਤਾਰ ਸਿੰਘ ਅਤੇ ਸਰਵਨ ਸਿੰਘ, ਦੋਨਾਂ ਭਰਾਵਾਂ ਨੇ ਰਲ ਕੇ ਅਖੰਡ ਪਾਠ ਪ੍ਰਕਾਸ਼ ਕਰਵਾਏ। ਬਾਬਾ ਜੀ ਦੇ ਸਕੇ ਭਰਾਵਾਂ ਸ੍ਰ. ਦੀਵਾਨ ਅਤੇ ਸ੍ਰ. ਸਮਸ਼ੇਰ ਸਿੰਘ ਹੋਰਾਂ ਨੇ ਵੀ ਨਾਲ ਹੀ ਅਖੰਡ ਪਾਠ ਪ੍ਰਕਾਸ਼ ਕਰਵਾਏ। ਦੀਵਾਨ ਪਿੰਡ ਤੋਂ ਬਾਹਰ ਖੁੱਲ੍ਹੇ ਪੰਡਾਲ ਵਿੱਚ ਸਜਦੇ। ਭਾਵੇਂ ਕਿ ਮਨੁੱਖਾ ਜੀਵਨ ਦੇ ਪ੍ਰਯੋਜਨ ਜਾਂ ਉਦੇਸ਼ ਬਾਰੇ ਸਾਰਿਆਂ ਨੇ ਹੀ ਕਿਤੋਂ ਨਾ ਕਿਤੋਂ ਸੁਣਿਆ ਹੁੰਦਾ ਹੈ, ਪਰ ਮਹਾਂਪੁਰਖਾਂ ਦੀ ਸ਼ਖਸੀਅਤ ਦਾ ਪ੍ਰਭਾਵ, ਮਿੱਠੀ ਅਵਾਜ਼ ਬਚਨ ਰੂਪੀ ਬਾਣ ਸਿੱਧੇ ਹਿਰਦਿਆਂ ਵਿੱਚ ਲੱਗਦੇ ਸਨ। ਹਰ ਕੋਈ ਮੋਹਿਆ ਜਾਂਦਾ। ਆਲੋਵਾਲ ਵਿਖੇ ਆਪ ਜੀ ਨੇ ਤਿੰਨ ਦਿਨਾਂ ਦਾ ਸਮਾਂ ਦਿੱਤਾ। ਤਿੰਨੇ ਦਿਨ ਦੀਵਾਨ ਸਜੇ। ਘਰ ਵਿੱਚ ਦੋਨੇਂ ਅਖੰਡ ਪਾਠਾਂ ਦੇ ਭੋਗ ਪਏ। ਆਲੋਵਾਲ ਤੋਂ ਚਾਲੇ ਪਾ ਕੇ ਬਾਬਾ ਜੀ ਜੱਥੇ ਸਮੇਤ ਕਰਮਸਰ ਰਾੜਾ ਸਾਹਿਬ ਪਹੁੰਚੇ।

ooo


## ਰਸਾਲਾ ਬੁੱਕ ਕਰਵਾਉਣ ਵਾਸਤੇ ਪਾਠਕਾਂ ਨੂੰ ਜ਼ਰੂਰੀ ਬੇਨਤੀ

ਸੰਗਤਾਂ ਨੂੰ ਬੇਨਤੀ ਹੈ ਕਿ ਰਸਾਲਾ ਬੁੱਕ ਕਰਵਾਉਣ ਲਈ ਜਾਂ Subscription Renew ਕਰਵਾਉਣ ਲਈ ਆਪ ਜੀ ਹੇਠ ਲਿਖੇ ਢੰਗ ਨਾਲ ਚੰਦਾ ਭੇਜ ਸਕਦੇ ਹੋ।

**ਸਿਫਤਿ ਸਾਲਾਹ ਪੱਤ੍ਰਿਕਾ**
**ਆਪ ਪੜ੍ਹੋ ਤੇ ਹੋਰਨਾਂ ਨੂੰ ਵੀ ਪੜ੍ਹਾਓ।**

1) ਬੈਂਕ ਡਰਾਫਟ, ਚੈੱਕ ਰਾਹੀਂ ਜਾਂ Paytm No. 9876525850
2) RTGS/NEFT ਰਾਹੀਂ ਜਾਂ ਬੈਂਕ Transfer ਰਾਹੀਂ
ਨਾਮ :- ਧੰਨ ਧੰਨ ਮਾਤਾ ਕੌਲਾਂ ਜੀ ਸਿਫਤਿ ਸਾਲਾਹ
ਖਾਤਾ ਨੰ. 55031111026 ਬੈਂਕ :- ਸਟੇਟ ਬੈਂਕ ਆਫ ਇੰਡੀਆ
IFSC ਕੋਡ ਨੰ. SBIN0050245 ਬ੍ਰਾਂਚ :- ਚਾਟੀਵਿੰਡ ਚੌਂਕ, ਅੰਮ੍ਰਿਤਸਰ।

**VPP ਰਾਹੀਂ ਘਰ ਬੈਠੇ ਰਸਾਲਾ ਮੰਗਵਾਓ**

3) ਆਪ ਜੀ ਇਸ ਨੰਬਰ 98765-25850 ਤੇ ਆਪਣਾ ਪੂਰਾ ਪਤਾ ਲਿਖ ਕੇ SMS ਕਰ ਦਿਓ ਅਤੇ ਕਿੰਨੇ ਸਾਲ ਲਈ ਬੁੱਕ ਕਰਵਾਉਣਾ ਹੈ ਲਿਖ ਦਿਓ। 10 ਦਿਨ ਦੇ ਅੰਦਰ-ਅੰਦਰ ਡਾਕੀਆ ਆਪ ਜੀ ਦੇ ਦਿੱਤੇ ਹੋਏ ਪਤੇ ਤੇ ਰਸਾਲਾ ਦੇਣ ਆਵੇਗਾ ਅਤੇ ਇੱਕ ਸਾਲ ਦਾ ਚੰਦਾ 184/- ਰੁਪਏ, ਦੋ ਸਾਲ ਦਾ ਚੰਦਾ 340/- ਰੁਪਏ, ਪੰਜ ਸਾਲ ਦਾ ਚੰਦਾ 650/- ਰੁਪਏ ਆਪ ਜੀ ਪਾਸੋਂ ਰਸਾਲੇ ਦੀ ਭੇਟਾ ਵਸੂਲ ਕਰ ਲਵੇਗਾ ਤੇ ਰਸਾਲਾ ਦੇ ਦੇਵੇਗਾ।

ਵਧੇਰੇ ਜਾਣਕਾਰੀ ਲਈ ਸੰਪਰਕ ਨੰ. 98765-25850

| ਚੰਦਾ (ਦੇਸ਼) | |
|---|---|
| ਇੱਕ ਸਾਲ | 150+34=184/- |
| ਦੋ ਸਾਲ | 300+40=340/- |
| ਪੰਜ ਸਾਲ | 600+50=650/- |
| ਲਾਈਫ | 2400+90=2490/- |

# ਅਧਿਆਤਮਿਕ ਵਿਚਾਰਾਂ

ਭਾਈ ਸਾਹਿਬ
ਭਾਈ ਗੁਰਇਕਬਾਲ ਸਿੰਘ ਜੀ ਦੀਆਂ
ਕੀਰਤਨ ਵਿਚਾਰਾਂ ਵਿੱਚੋਂ ਬਚਨ

—ਸੰਪਾਦਕ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-

## ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 52 ਬਚਨਾਂ ਵਿੱਚੋਂ 24ਵਾਂ ਬਚਨ (ਸ਼ੁੱਭ ਕਰਮ ਕਰਦੇ ਰਹਿਣਾ)

529

1. ਸ਼ੁੱਭ ਕਰਮ ਕਰਨ ਦਾ ਜਦੋਂ ਵੀ ਮੌਕਾ ਮਿਲੇ ਕਰ ਲਓ, ਨਹੀਂ ਤਾਂ ਕਲਯੁੱਗ ਰੁਕਾਵਟ ਪਾਉਣ ਨੂੰ ਤਿਆਰੀ ਕਰੀ ਬੈਠਾ ਹੈ।

2. ਸ਼ੁੱਭ ਕਰਮ ਕਰਨ ਵਾਲਾ ਜੀਵਨ ਦੀ ਬਾਜ਼ੀ ਜਿੱਤ ਕੇ ਜਾਂਦਾ ਹੈ।

3. ਸ਼ੁੱਭ ਕਰਮ ਕਰਨ ਨਾਲ ਪਰਮੇਸ਼ਰ ਦੇ ਨੇੜੇ ਹੋ ਜਾਈਦਾ ਹੈ।

# ਸ੍ਰੀ ਚੌਪਈ ਸਾਹਿਬ ਜੀ ਦੀ ਬਾਣੀ ਦਾ ਮਹਾਤਮ ਕੀ ਹੈ?

**ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੁਆਰਾ ਦਿੱਤੇ ਗਏ ਪ੍ਰੋਗਰਾਮ ਦਾ ਉਤਾਰਾ**

*—ਜਸਵਿੰਦਰ ਸਿੰਘ (ਪਟਿਆਲਾ)*

**ੴ**

***ਸ੍ਰੀ ਵਾਹਿਗੁਰੂ ਜੀ ਕੀ ਫਤਹ ॥***

***ਪਾਤਿਸਾਹੀ ੧੦ ॥***

***ਕਬਿਯ ਬਾਚ ਬੇਨਤੀ ॥***

***ਚੌਪਈ ॥***

***ਹਮਰੀ ਕਰੋ ਹਾਥ ਦੈ ਰੱਛਾ ॥***

***ਪੂਰਨ ਹੋਇ ਚਿਤ ਕੀ ਇੱਛਾ ॥***

ਗੁਰਦੁਆਰਾ ਸ੍ਰੀ ਬਿਭੌਰ ਸਾਹਿਬ ਨੰਗਲ ਬੜੀ ਇਕਾਂਤ ਜਗ੍ਹਾ ਹੈ। ਸਿੱਖਾਂ ਦੀ ਬੇਨਤੀ ਪ੍ਰਵਾਨ ਕਰਨ ਤੇ ਸ੍ਰੀ ਚੌਪਈ ਸਾਹਿਬ ਜੀ ਦੀ ਬਾਣੀ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਗੁ: ਸ੍ਰੀ ਬਿਭੌਰ ਸਾਹਿਬ ਵਿਖੇ ਉਚਾਰਨ ਕੀਤੀ। ਸ੍ਰੀ ਚੌਪਈ ਸਾਹਿਬ ਦੀ ੨੯ਵੀਂ ਪਉੜੀ ਵਿੱਚ ਮਹਾਰਾਜ ਨੇ ਸਾਰਾ ਸਮੇਂ ਦਾ ਤੇ ਜਗ੍ਹਾ ਦਾ ਵੀ ਵਰਨਣ ਕੀਤਾ ਹੈ।

***ਸੰਬਤ ਸੱਤ੍ਰਹ ਸਹਸ ਭਣਿੱਜੈ ॥***

***ਅਰਧ ਸਹਸ ਫੁਨਿ ਤੀਨਿ ਕਹਿੱਜੈ ॥***

ਭਾਵ ਸੰਮਤ ਸਤਾਰ੍ਹਾਂ ਸੌ। ਅਰਧ ਸਹਸ ਮਤਲਬ 100 ਦਾ ਅੱਧ 50। ਫੁਨਿ ਤੀਨ ਤੋਂ ਭਾਵ 53। ਸੰਖੇਪ ਰੂਪ ਵਿੱਚ ਸੰਮਤ 1753 ਵਿੱਚ ਸ੍ਰੀ ਚੌਪਈ ਸਾਹਿਬ ਉਚਾਰਨ ਕੀਤੀ।

***ਭਾਦ੍ਰਵ ਸੁਦੀ ਅਸ਼ਟਮੀ ਰਵਿ ਵਾਰਾ ॥***

ਭਾਦੋਂ ਦੀ ਮੱਸਿਆ ਤੋਂ ਅੱਠਵਾਂ ਦਿਨ ਸੀ ਤੇ ਰਵਿ ਵਾਰਾ ਤੋਂ ਭਾਵ ਐਤਵਾਰ। ਉਸ ਦਿਨ ਐਤਵਾਰ ਸੀ।

***ਤੀਰ ਸਤੁੱਦ੍ਰਵ ਗ੍ਰੰਥ ਸੁਧਾਰਾ ॥੨੯॥***

ਤੀਰ ਤੋਂ ਭਾਵ ਕਿਨਾਰਾ। ਸਤੁੱਦ੍ਰਵ ਤੋਂ ਭਾਵ ਸਤਲੁਜ। ਸੰਖੇਪ ਰੂਪ ਵਿੱਚ ਸਤਲੁਜ ਦੇ ਕਿਨਾਰੇ ਸੰਮਤ 1753 ਵਿੱਚ ਕਲਗੀਧਰ ਪਿਤਾ ਜੀ ਨੇ ਭਾਦੋਂ ਦੀ ਮੱਸਿਆ ਤੋਂ ਅੱਠਵੇਂ ਦਿਨ ਐਤਵਾਰ ਸ੍ਰੀ ਚੌਪਈ ਸਾਹਿਬ ਜੀ ਦੀ ਬਾਣੀ ਦਾ ਉਚਾਰਨ ਕੀਤਾ।

ਗੁਰੂ ਕਲਗੀਧਰ ਪਿਤਾ ਜੀ ਦੇ ਕੋਟਾਨਿ ਕੋਟਿ ਸ਼ੁਕਰਾਨੇ ਕਿ ਸ੍ਰੀ ਚੌਪਈ ਸਾਹਿਬ ਦੀ ਬਾਣੀ ਦੇ ਅਖੀਰ ਤੇ ਇੱਕ ਦੋਹਰਾ ਮਹਾਰਾਜ ਜੀ ਨੇ ਉਚਾਰਨ ਕੀਤਾ ਜਿਸ ਵਿੱਚ ਸ੍ਰੀ ਚੌਪਈ ਸਾਹਿਬ ਜੀ ਦੀ ਬਾਣੀ ਦੀ ਮਹਿਮਾ ਦੱਸੀ ਹੈ। ਕਿਉਂਕਿ ਜਿਸ ਤਰ੍ਹਾਂ ਕਲਯੁੱਗ ਦਾ ਸਮਾਂ ਆ ਚੁੱਕਾ ਹੈ, ਇਹੋ ਜਿਹੇ ਇਤਿਹਾਸਕਾਰ ਤੇ ਇਹੋ ਜਿਹੇ ਕਥਾਵਾਚਕ ਧਰਤੀ ਤੇ ਹਨ ਜਿਹੜੇ ਇਹ ਵੀ ਕਹਿੰਦੇ ਹਨ, ਬਹੁਤੀ ਬਾਣੀ ਪੜ੍ਹ ਕੇ ਕੀ ਲੈਣਾ ਹੈ। ਜਿਹੜੇ ਇੱਥੋਂ ਤੱਕ ਕਥਾ ਵਿੱਚ ਇਹ ਗੱਲ ਕਰਦੇ ਹਨ ਕਿ ਬਹੁਤੀ ਬਾਣੀ ਪੜ੍ਹਨ ਦੀ ਨਹੀਂ ਲੋੜ। ਇਹ ਸ਼ੁਕਰ ਹੈ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਸੱਚੇ ਪਿਤਾ ਜੀ ਦਾ ਜਿਨ੍ਹਾਂ ਨੇ ਚੌਪਈ ਸਾਹਿਬ ਜੀ ਦੇ ਅਖੀਰ

ਉੱਤੇ ਸ੍ਰੀ ਚੌਪਈ ਸਾਹਿਬ ਜੀ ਦੀ ਬਾਣੀ ਦੀ ਮਹਾਨਤਾ ਦੱਸ ਦਿੱਤੀ। ਸਤਿਗੁਰੂ ਜਾਣੀ-ਜਾਣ ਸਨ। ਕਲਗੀਧਰ ਸੱਚੇ ਪਿਤਾ ਜੀ ਨੂੰ ਪਤਾ ਸੀ ਕਿ ਇੰਨੀ ਬੁੱਧੀ ਭ੍ਰਿਸ਼ਟ ਜਾਣੀ ਹੈ, ਕਲਯੁੱਗ ਨੇ ਇਹ ਵੀ ਲੱਤ ਤੋੜ ਦੇਣੀ ਹੈ ਕਿ ਜਿਨ੍ਹਾਂ ਦਾ ਕੰਮ ਹੈ, ਪ੍ਰਚਾਰ ਕਰਕੇ ਜੋੜਨਾ, ਉਹ ਤੋੜਨਾ ਸ਼ੁਰੂ ਕਰ ਦੇਣਗੇ। ਅੱਜ ਕੱਲ੍ਹ ਇੰਨੀ ਲਿਖਤ ਐਸੀ ਛੱਪਦੀ ਹੈ ਜਿਸ ਲਿਖਤ ਨੂੰ ਪੜ੍ਹ ਕੇ ਬਣੀ ਹੋਈ ਸ਼ਰਧਾ ਵੀ ਕਈ ਵਾਰੀ ਟੁੱਟ ਜਾਂਦੀ ਹੈ। ਇਸ ਲਈ ਅੱਜ ਕੱਲ੍ਹ ਦੇ ਸਮੇਂ ਵਿੱਚ ਬੌਧਿਕ ਗਿਆਨ ਰੱਖਣਾ ਬਹੁਤ ਜ਼ਰੂਰੀ ਹੈ। ਕਈ ਕੀਰਤਨ ਦਰਬਾਰਾਂ ਵਿੱਚ ਤੁਸੀਂ ਹਾਜ਼ਰੀ ਭਰਨੀ ਹੁੰਦੀ ਹੈ। ਕਈ ਤਰ੍ਹਾਂ ਦੇ ਕਥਾਵਾਚਕ ਆਏ ਹੁੰਦੇ ਹਨ। ਉਸ ਵੇਲੇ ਬੌਧਿਕ ਗਿਆਨ ਵਰਤੋ। ਉਸ ਵੇਲੇ ਜੇ ਕੋਈ ਕਥਾਵਾਚਕ ਕਲਯੁੱਗ ਦੇ ਪ੍ਰਭਾਵ ਹੇਠ ਇਹੋ ਜਿਹੀ ਗੱਲ ਕਹਿ ਗਿਆ ਹੈ ਜਿਹੜੀ ਗੁਰੂ ਘਰ ਤੋਂ ਤੋੜ ਰਹੀ ਹੈ, ਉਸ ਵੇਲੇ ਕਹਿੰਦੇ ਬੌਧਿਕ ਗਿਆਨ ਵਰਤ। ਜਿਹੜੀ ਗੱਲ ਗੁਰੂ ਤੋਂ ਤੋੜਦੀ ਹੈ, ਉਸ ਨੂੰ ਕੱਟ-ਵੱਢ ਕੇ ਉੱਥੇ ਹੀ ਛੱਡ ਦੇ, ਚੰਗੀ ਗੱਲ ਘਰ ਲੈ ਆ। ਬੌਧਿਕ ਗਿਆਨ। ਜੋ ਕੁਝ ਚੰਗੀ ਗੱਲ ਜੋ ਗੁਰੂ ਨਾਲ ਜੋੜਨ ਵਾਲੀ ਹੈ, ਉਹ ਘਰ ਲੈ ਆ ਤੇ ਦੂਸਰੀ ਉੱਥੇ ਛੱਡ ਦੇ। ਸਤਿਗੁਰੂ ਜੀ ਨੂੰ ਆਉਣ ਵਾਲਾ ਸਮਾਂ ਪਤਾ ਸੀ। ਸ੍ਰੀ ਸੁਖਮਨੀ ਸਾਹਿਬ ਜੀ ਦੀ ਬਾਣੀ ਦੇ ਅਖੀਰ ਵਿੱਚ ਵੀ ਸਤਿਗੁਰੂ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਸੁਖਮਨੀ ਸਾਹਿਬ ਦੀ ਬਾਣੀ ਦਾ ਮਹਾਤਮ ਲਿਖਿਆ ਹੈ:

*ਦੂਖ ਰੋਗ ਬਿਨਸੇ ਭੈ ਭਰਮ ॥*
*ਸਾਧ ਨਾਮ ਨਿਰਮਲ ਤਾ ਕੇ ਕਰਮ ॥*
*ਸਭ ਤੇ ਊਚ ਤਾ ਕੀ ਸੋਭਾ ਬਨੀ ॥*
*ਨਾਨਕ ਇਹ ਗੁਣਿ ਨਾਮੁ ਸੁਖਮਨੀ ॥੮॥੨੪॥*

*(ਅੰਗ ੨੯੬)*

ਸ੍ਰੀ ਅਨੰਦ ਸਾਹਿਬ ਜੀ ਦੀ ਬਾਣੀ ਦਾ ਵੀ ਚਾਲੀਵੀਂ ਪਉੜੀ ਵਿੱਚ ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ ਨੇ ਮਹਾਤਮ ਲਿਖਿਆ ਹੈ:

*ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ ॥*
*ਪਾਰਬ੍ਰਹਮੁ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ ॥*
*ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ ॥*
*ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ ॥*
*ਸੁਣਤੇ ਪੁਨੀਤ ਕਹਤੇ ਪਵਿਤੁ ਸਤਿਗੁਰੁ ਰਹਿਆ ਭਰਪੂਰੇ ॥*
*ਬਿਨਵੰਤਿ ਨਾਨਕੁ ਗੁਰ ਚਰਣ ਲਾਗੇ*
*ਵਾਜੇ ਅਨਹਦ ਤੂਰੇ ॥੪੦॥੧॥*

*(ਅੰਗ ੯੨੨)*

ਇਸੇ ਤਰ੍ਹਾਂ ਚੌਪਈ ਸਾਹਿਬ ਜੀ ਦੀ ਬਾਣੀ ਦੇ ਅਖੀਰ ਤੇ ਵੀ ਮਹਾਤਮ ਲਿਖਿਆ ਹੈ। ਗੁਰੂ ਕਲਗੀਧਰ ਪਾਤਸ਼ਾਹ ਜੀ ਕਹਿੰਦੇ ਹਨ ਕਿ ਜਿਹੜਾ ਚੌਪਈ ਸਾਹਿਬ ਜੀ ਦੀ ਬਾਣੀ ਬੜੇ ਪ੍ਰੇਮ, ਪਿਆਰ ਨਾਲ ਪੜ੍ਹੇਗਾ ਤੇ ਮਹਾਰਾਜ ਜੀ ਕਹਿੰਦੇ ਹਨ:

*ਸੁਨੈ ਗੁੰਗ ਜੋ ਯਾਹਿ ਸੁ ਰਸਨਾ ਪਾਵਈ ॥*

*(ਸ੍ਰੀ ਚੌਪਈ ਸਾਹਿਬ)*

ਇੱਕ ਗੂੰਗੇ ਨੂੰ ਰਸਨਾ ਮਿਲ ਸਕਦੀ ਹੈ। ਚੌਪਈ ਸਾਹਿਬ ਜੀ ਦੀ ਬਾਣੀ ਵਿੱਚ ਇੰਨੀ ਤਾਕਤ ਹੈ। ਸੰਗਤ ਨੇ ਵਾਜਾ ਫੜਾਇਆ ਹੈ ਤੇ ਇਸ ਸਦਕਾ ਬਹੁਤ ਕੁਝ ਦੇਖਣ ਨੂੰ ਮਿਲ ਜਾਂਦਾ ਹੈ। ਜੇ ਕਿਸੇ ਮਾਂ ਨੇ ਆਖਿਆ ਹੈ, ਮੇਰਾ ਬੱਚਾ ਢਾਈ ਸਾਲ ਦਾ ਹੋ ਗਿਆ ਹੈ ਤੇ ਹਾਲੇ ਆ, ਊ, ਆ, ਊ ਹੀ ਕਰਦਾ ਹੈ, ਬੋਲਦਾ ਨਹੀਂ ਤੇ ਕਈ ਪੁਰਾਣੇ ਸਿਆਣੇ ਤੇ ਉਨ੍ਹਾਂ ਨੂੰ ਇਹ ਕਹਿੰਦੇ ਹਨ ਕਿ ਕਾਂ ਨੂੰ ਰੋਟੀ ਪਾ ਕੇ ਉਸ ਕਾਂ ਦੀ ਜੂਠੀ ਰੋਟੀ ਬੱਚੇ ਨੂੰ ਖੁਆਓ ਤੇ ਤੁਹਾਡਾ ਬੱਚਾ ਬੋਲਣ ਲੱਗ ਪਵੇਗਾ। ਕਿਉਂਕਿ ਕਾਂ ਬੋਲਦਾ ਬਹੁਤ ਹੈ, ਉਸ ਦਾ ਜੂਠਾ ਬੱਚੇ ਨੂੰ ਖੁਆਓ। ਕਈ ਪੁਰਾਣੇ ਸਿਆਣੇ ਕਹਿੰਦੇ ਹਨ ਕਿ ਤਬਲੇ ਦਾ ਆਟਾ ਬੱਚੇ ਨੂੰ ਖੁਆਓ ਕਿਉਂਕਿ ਇਹ ਹਰ ਵੇਲੇ ਵੱਜਦਾ ਹੈ ਤੇ ਤੁਹਾਡਾ ਬੱਚਾ ਬੋਲੇਗਾ। ਪਰ ਇਹ ਗੁਰਮਤਿ ਦੇ ਅਨੁਭਵ ਨਹੀਂ ਹੈ। ਗੁਰਮਤਿ ਦਾ ਰਾਹ ਕੀ ਹੈ? ਕਿਸੇ ਦਾ ਬੱਚਾ ਦੋ-ਢਾਈ ਸਾਲ ਦਾ ਹੋ ਗਿਆ ਹੈ ਤੇ ਹਾਲੇ ਆ, ਊ ਹੀ ਕਰਦਾ ਹੈ, ਗੱਲ ਨਹੀਂ ਕਰਦਾ, ਮੰਮੀ

ਨਹੀਂ ਬੁਲਾਉਂਦਾ, ਪਾਪਾ ਨਹੀਂ ਬੁਲਾਉਂਦਾ, ਗੱਲਬਾਤ ਨਹੀਂ ਕਰਦਾ ਤੇ ਉਸ ਮਾਂ ਨੂੰ ਫਿਰ ਇਹ ਹੀ ਬੇਨਤੀ ਕਰੀਦੀ ਹੈ ਕਿ ਕੌਲੀ ਵਿੱਚ ਜਲ ਰੱਖ ਕੇ ਚੌਪਈ ਸਾਹਿਬ ਜੀ ਦਾ ਇੱਕ ਪਾਠ ਕਰਕੇ ਬੱਚੇ ਨੂੰ ਜਲ ਛਕਾਇਆ ਕਰੋ। ਫਿਰ ਜਿਵੇਂ ਜੋ ਕੁਝ ਵਰਤਦਾ ਹੈ। ਗੂੰਗੇ ਨੂੰ ਰਸਨਾ ਮਿਲ ਜਾਂਦੀ ਹੈ ਤੇ ਚੰਦ ਦਿਨ ਦੇ ਵਿੱਚ ਜਦੋਂ ਬਖਸ਼ਿਸ਼ ਵਰਤਦੀ ਹੈ, ਉਦੋਂ ਸੀਸ ਝੁਕਦਾ ਹੈ, ਧੰਨ ਸ੍ਰੀ ਗੁਰੂ ਕਲਗੀਧਰ ਪਿਤਾ ਜੀ! ਆਪ ਜੀ ਨੇ ਇਸ ਬਾਣੀ ਵਿੱਚ ਕੀ ਭਰਿਆ ਹੈ। ਇਸ ਬਾਣੀ ਵਿੱਚ ਕੀ ਪਾਇਆ ਹੈ।

***ਸੁਨੈ ਗੁੰਗ ਜੋ ਯਾਹਿ ਸੁ ਰਸਨਾ ਪਾਵਈ ॥***

*(ਸ੍ਰੀ ਚੌਪਈ ਸਾਹਿਬ)*

ਹੁਣ ਕਈਆਂ ਦੇ ਮਨ ਵਿੱਚ ਫੁਰਨਾ ਹੋਵੇਗਾ, ਸ੍ਰੀ ਚੌਪਈ ਸਾਹਿਬ ਜੀ ਦੀ ਬਾਣੀ ਪੜ੍ਹਨ ਸੁਣਨ ਨਾਲ ਗੂੰਗੇ ਨੂੰ ਰਸਨਾ ਮਿਲਦੀ ਹੈ ਪਰ ਅਸੀਂ ਤਾਂ ਗੂੰਗੇ ਹੈ ਹੀ ਨਹੀਂ। ਸਾਡੇ ਕੋਲ ਤਾਂ ਰਸਨਾ ਹੈ। ਅਸੀਂ ਗੂੰਗੇ ਨਹੀਂ ਹਾਂ। ਲੇਕਿਨ ਇੱਕ ਗੱਲ ਨੋਟ ਰੱਖਿਓ, ਅਸੀਂ ਜਿਤਨੇ ਵੀ ਸੰਗਤ ਕਰਦੇ ਹਾਂ, ਜੇ ਕਿਸੇ ਦੇ ਦਬਾਅ ਹੇਠ ਆ ਕੇ ਬੱਧਾ ਚੱਟੀ ਨਾਲ ਨਾਮ ਜਪਦੇ ਹਾਂ ਤਾਂ ਸਮਝ ਲੈਣਾ ਕਿ ਸਾਡੀ ਰਸਨਾ ਨਾਮ ਜਪਣ ਤੋਂ ਗੂੰਗੀ ਹੈ। ਜੇ ਨਾਮ ਮਿੱਠਾ ਨਹੀਂ ਲੱਗਾ ਤਾਂ ਰਸਨਾ ਗੂੰਗੀ ਹੈ। ਜੇ ਅਜੇ ਇੱਥੇ ਹੀ ਪਹੁੰਚੇ ਹੋ ਤੇ ਸਤਿਗੁਰੂ ਜੀ ਗੁਰਬਾਣੀ ਵਿੱਚ ਫ਼ਰਮਾਉਂਦੇ ਹਨ:

***ਆਖਣਿ ਅਉਖਾ ਸਾਚਾ ਨਾਉ ॥***

*(ਅੰਗ ੩੪੯)*

ਫਿਰ ਸਮਝ ਲੈਣਾ, ਰਸਨਾ ਨਹੀਂ ਮਿਲੀ। ਅਸੀਂ ਵੀ ਗੂੰਗੇ ਹਾਂ। ਜੇ ਇੱਥੇ ਪਹੁੰਚ ਗਏ ਹਾਂ:

***ਸੰਤਸੰਗਿ ਅੰਤਰਿ ਪ੍ਰਭੁ ਡੀਠਾ ॥***
***ਨਾਮੁ ਪ੍ਰਭੂ ਕਾ ਲਾਗਾ ਮੀਠਾ ॥***

*(ਅੰਗ ੨੯੩)*

ਹੁਣ ਸਿਮਰਨ ਅਭਿਆਸ ਮਿੱਠਾ ਲੱਗਣ ਲੱਗ ਪਿਆ ਹੈ। ਵਾਹਿਗੁਰੂ ਸਿਮਰਨ ਅੰਦਰ ਚੱਲ ਰਿਹਾ ਹੈ ਤੇ ਕਈ ਬਾਰ-ਬਾਰ ਘੜੀ ਵੇਖਦੇ ਹਨ ਕਿ ਭੋਗ ਕਦੋਂ ਪਵੇਗਾ ਤੇ ਕਦੋਂ ਘਰ ਜਾਵਾਂਗੇ। ਸੰਗਤ ਵਿੱਚ ਔਖੇ ਬੈਠੇ ਹਨ। ਉਨ੍ਹਾਂ ਦੇ ਹਿੱਸੇ ਲੱਸੀ ਆ ਰਹੀ ਹੈ। ਜਿਸ ਨੂੰ ਨਾਮ ਮਿੱਠਾ ਲੱਗਣ ਲੱਗ ਗਿਆ ਉਨ੍ਹਾਂ ਨੂੰ ਨਾਮ ਵਿੱਚੋਂ ਰਸ ਆ ਰਿਹਾ ਹੈ ਕਿ ਵਾਹਿਗੁਰੂ, ਇੰਨਾ ਜਲਦੀ ਹਨੇਰ੍ਹਾ ਹੋਣ ਵਾਲਾ ਹੈ। ਵਾਹਿਗੁਰੂ, ਇਹ ਸਮਾਂ ਹੋਰ ਲੰਬਾ ਹੋ ਜਾਵੇ। ਵਾਹਿਗੁਰੂ ਨਾਮ ਮਿੱਠਾ ਲੱਗ ਰਿਹਾ ਹੈ। ਰਸਨਾ ਮਿਲ ਗਈ ਹੈ। ਇਸ਼ਾਰਾ ਲੈਣਾ ਕਿ ਬਾਣੀ ਦੇ ਦੋ ਬੰਨੇ ਅਰਥ ਹਨ। ਇੱਕ ਵਾਕਿਆ ਹੈ ਕਿ ਬੱਚਾ ਰਸਨਾ ਤੋਂ ਗੂੰਗਾ ਹੈ, ਚੌਪਈ ਸਾਹਿਬ ਪੜ੍ਹਨ ਨਾਲ ਉਸਨੂੰ ਵੀ ਰਸਨਾ ਰਾਹੀਂ ਬੋਲਣ ਦੀ ਦਾਤ ਮਿਲ ਜਾਂਦੀ ਹੈ ਤੇ ਦੂਸਰਾ ਜੋ ਵੀਚਾਰ ਚੱਲ ਰਹੀ ਹੈ:

***ਸੁਨੈ ਗੁੰਗ ਜੋ ਯਾਹਿ ਸੁ ਰਸਨਾ ਪਾਵਈ ॥***

*(ਸ੍ਰੀ ਚੌਪਈ ਸਾਹਿਬ)*

ਤੁਸੀਂ ਕਹੋਗੇ, ਸਾਨੂੰ ਤਾਂ ਰਸਨਾ ਮਿਲੀ ਹੈ। ਅਸੀਂ ਗੂੰਗੇ ਨਹੀਂ। ਜਿਸ ਦੀ ਰਸਨਾ ਨੂੰ ਨਾਮ ਮਿੱਠਾ ਨਹੀਂ ਲੱਗਾ, ਉਹ ਗੂੰਗਾ ਹੈ ਉਸਨੂੰ ਨਾਮ ਜਪਣ ਵਾਲੀ ਰਸਨਾ ਨਹੀਂ ਮਿਲੀ। ਜਿਸ ਨੂੰ ਨਾਮ ਜਪਣ ਵਾਲੀ ਰਸਨਾ ਮਿਲੀ ਹੈ, ਉਹ ਆਪਣੇ ਗੁਰੂ ਸਾਹਿਬ ਦੇ ਕਮਰੇ ਵਿੱਚ ਬੈਠੇ ਕੇ ਪੈਰ ਦੇ ਅੰਗੂਠੇ ਤੋਂ ਲੈ ਕੇ ਸਿਰ ਦੀ ਖੋਪੜੀ ਤੱਕ ਇੱਕ-ਇੱਕ ਰੋਮ ਸਿਮਰਨ ਵਿੱਚ ਭਿੱਜ ਜਾਵੇ। ਘੜੀ ਕਹੇ ਕਿ ਸਮਾਂ ਹੋ ਗਿਆ ਹੈ ਦੁਕਾਨ ਦਾ ਤੇ ਤੁਹਾਡਾ ਚਿੱਤ ਨਾ ਕਰੇ ਉੱਠਣ ਤੇ, ਸਮਝ ਲਓ ਮਿਲ ਗਈ ਰਸਨਾ। ਨਾਮ ਅੰਦਰ ਚੱਲ ਰਿਹਾ ਹੈ। ਇਹੋ ਜਿਹਾ ਗੁਰਮੁੱਖ ਇੱਕ ਵਾਰੀ ਵਾਹਿਗੁਰੂ ਕਹੇ ਤੇ ਕਈ ਲੱਖਾਂ ਵਾਰ ਕਹੇ ਦਾ ਮਹਾਤਮ ਹੈ। ਸਰੀਰ ਵਿੱਚ ਨਾਮ ਚੱਲ ਰਿਹਾ ਹੈ। ਇਸ਼ਾਰਾ ਲੈਣਾ।

ਤੁਹਾਡੇ ਵਿੱਚੋਂ ਹੀ ਕਿਸੇ ਬੀਬੀ ਨੂੰ, ਕਿਸੇ ਸਤਿਪੁਰਸ਼ ਨੇ ਕਿਹਾ, ਬੇਟਾ ਕੀ ਦੁੱਖ ਹੈ। ਉਸ ਨੇ ਦੱਸਿਆ ਤੇ ਉਨਾਂ ਕਿਹਾ ਕਿ ਅੱਛਾ, ਚਾਲੀ ਦਿਨ ਪੰਜ ਪਾਠ ਜਪੁਜੀ ਸਾਹਿਬ ਦੇ ਰੋਜ਼ ਕਰਨੇ ਹਨ।

ਇਸ਼ਾਰਾ ਲੈਣਾ। ਅਜੇ ਸੈਤੀਵਾਂ ਦਿਨ ਹੈ ਤੇ ਆਪਣੀ ਸਹੇਲੀ ਨੂੰ ਕਹਿੰਦੀ ਹੈ, ਕਿਸੇ ਦੂਸਰੇ ਨੂੰ ਕਹਿੰਦੀ ਹੈ, ਬੱਸ ਤਿੰਨ ਦਿਨ ਰਹਿ ਗਏ ਹਨ, ਪੰਜ ਪਾਠ ਜਪੁਜੀ ਸਾਹਿਬ ਦੇ ਰੋਜ਼ ਦੇ ਕਹੇ ਹਨ, ਤਿੰਨ ਦਿਨ ਰਹਿ ਗਏ ਹਨ ਤੇ ਫਿਰ ਮੈਨੂੰ ਇਹ ਪਾਠ ਨਹੀਂ ਕਰਨੇ ਪੈਣਗੇ। ਸਮਝ ਲੈਣਾ ਕਿ ਇਹ ਦਬਾਅ ਹੇਠ ਹੋ ਰਹੇ ਹਨ। ਬੱਧਾ ਚੱਟੀ ਹੈ। ਉਸ ਦਾ ਵੀ ਭਲਾ ਹੈ ਜੋ ਇਵੇਂ ਕਰ ਰਿਹਾ ਹੈ ਪਰ ਸਮਝ ਲੈਣਾ ਅਜੇ ਰਸਨਾ ਨਹੀਂ ਮਿਲੀ। ਗੁਰੂ ਕਲਗੀਧਰ ਪਾਤਸ਼ਾਹ ਜੀ ਕਹਿੰਦੇ ਹਨ ਜਿਸ ਦੀ ਰਸਨਾ ਨੂੰ ਨਾਮ ਹਾਲੇ ਮਿੱਠਾ ਨਹੀਂ ਲੱਗਾ, ਜਿਸ ਅੰਦਰ ਬਾਣੀ ਨਹੀਂ ਚੱਲੀ ਤੇ ਹਾਲੇ ਇਹ ਦੇਖ ਰਿਹਾ ਹੈ ਕਿ ਕਦੋਂ ਦਿਨ ਮੁੱਕਣਗੇ, ਪੰਜ ਪਾਠ ਰੋਜ਼ ਦੇ ਕਹੇ ਹਨ, ਧੰਨ ਗੁਰੂ ਕਲਗੀਧਰ ਪਾਤਸ਼ਾਹ ਜੀ ਕਹਿੰਦੇ ਹਨ ਕਿ ਜੇ ਕੋਈ ਸ੍ਰੀ ਚੌਪਈ ਸਾਹਿਬ ਜੀ ਦੇ ਪਾਠ ਸ਼ਰਧਾ, ਭਾਵਨਾ ਨਾਲ ਬੈਨ ਲਗਾ ਕੇ ਕਰੇ, ਉਸ ਦੀ ਰਸਨਾ ਨੂੰ ਨਾਮ (ਵਾਹਿਗੁਰੂ ਸ਼ਬਦ) ਇੱਕ ਦਿਨ ਮਿੱਠਾ ਲੱਗਣ ਲੱਗ ਪੈਂਦਾ ਹੈ।

***ਸੁਨੈ ਗੁੰਗ ਜੋ ਯਾਹਿ ਸੁ ਰਸਨਾ ਪਾਵਈ ॥***

ਸਾਰੇ ਇਹ ਝਾਤੀ ਪਾਓ। ਜੇ ਨਾਮ ਮਿੱਠਾ ਨਹੀਂ ਲੱਗਾ, ਜੇ ਨਾਮ ਨਹੀਂ ਚਲਿਆ ਤੇ ਮਹਾਰਾਜ ਜੀ ਕਹਿੰਦੇ ਹਨ ਕਿ ਸ੍ਰੀ ਚੌਪਈ ਸਾਹਿਬ ਦੀ ਬਾਣੀ ਸਦਕਾ ਤੇਰੇ ਅੰਦਰ ਨਾਮ ਚੱਲ ਸਕਦਾ ਹੈ, ਤੈਨੂੰ ਰਸਨਾ ਮਿਲ ਸਕਦੀ ਹੈ। ਤੈਨੂੰ ਨਾਮ ਮਿੱਠਾ ਲੱਗ ਸਕਦਾ ਹੈ।

***ਬਾਣੀ ਗੁਰੂ ਗੁਰੂ ਹੈ ਬਾਣੀ***
***ਵਿਚਿ ਬਾਣੀ ਅੰਮ੍ਰਿਤੁ ਸਾਰੇ ॥***
***ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ***
***ਪਰਤਖਿ ਗੁਰੂ ਨਿਸਤਾਰੇ ॥੫॥***

*(ਅੰਗ ੯੮੨)*

ਜਿਹੜੀ ਵਿਚਾਰ ਕੀਤੀ ਹੈ, ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੀ ਇਸ ਤੇ ਮੋਹਰ ਲਗਾਉਂਦੇ ਹਨ :

***ਸਤਿਗੁਰ ਕੀ ਜਿਸ ਨੋ ਮਤਿ ਆਵੈ***
***ਸੋ ਸਤਿਗੁਰ ਮਾਹਿ ਸਮਾਨਾ ॥***
***ਇਹ ਬਾਣੀ ਜੋ ਜੀਅਹੁ ਜਾਣੈ***
***ਤਿਸੁ ਅੰਤਰਿ ਰਵੈ ਹਰਿ ਨਾਮਾ ॥੧॥ ਰਹਾਉ ॥***

*(ਅੰਗ ੭੯੭)*

ਸ੍ਰੀ ਚੌਪਈ ਸਾਹਿਬ ਜੀ ਦੀ ਬਾਣੀ ਦੀ ਬਖਸ਼ਿਸ਼, ਇਸ ਬਾਣੀ ਦਾ ਕੋਈ ਪ੍ਰਵਾਹ ਚਲਾਵੇ, ਇੱਕ ਦਿਨ ਆਉਂਦਾ ਹੈ, ਉਸ ਨੂੰ ਨਾਮ ਮਿੱਠਾ ਲੱਗਣ ਲੱਗ ਪੈਂਦਾ ਹੈ।

***ਸੁਨੈ ਗੁੰਗ ਜੋ ਯਾਹਿ ਸੁ ਰਸਨਾ ਪਾਵਈ ॥***
***ਸੁਨੈ ਮੂੜ੍ਹ ਚਿਤ ਲਾਇ ਚਤੁਰਤਾ ਆਵਈ ॥***

*(ਸ੍ਰੀ ਚੌਪਈ ਸਾਹਿਬ)*

ਸ੍ਰੀ ਚੌਪਈ ਸਾਹਿਬ ਜੀ ਦੀ ਬਖਸ਼ਿਸ਼ :

***ਸੁਨੈ ਮੂੜ੍ਹ ਚਿਤ ਲਾਇ ਚਤੁਰਤਾ ਆਵਈ ॥***

ਅਗਿਆਨੀ ਨੂੰ ਗਿਆਨ ਮਿਲ ਸਕਦਾ ਹੈ। ਮੂੜ ਬੰਦਾ ਚਤੁਰ, ਸਿਆਣਾ ਹੋ ਸਕਦਾ ਹੈ।

ਸ੍ਰੀ ਚੌਪਈ ਸਾਹਿਬ ਜੀ ਦੀ ਬਖਸ਼ਿਸ਼ :

***ਦੂਖ ਦਰਦ ਭੌ ਨਿਕਟ ਨ ਤਿਨ ਨਰ ਕੇ ਰਹੈ ॥***

ਆਪਣੇ ਵਿੱਚ ਕਈ ਸਰੀਰ ਕਹਿੰਦੇ ਹਨ ਕਿ ਸਾਡੇ ਘਰ ਛਿੱਟੇ ਪੈ ਗਏ। ਸਾਡੇ ਕੱਪੜੇ ਕੱਟੇ ਗਏ। ਸਾਡੇ ਕੋਠੇ ਕਿਸੇ ਨੇ ਮੀਟ ਦੀ ਹੱਡੀ ਸੁੱਟੀ ਹੈ। ਸਾਡੇ ਘਰ ਕਿਸੇ ਨੇ ਕੁਝ ਜੰਤਰ-ਮੰਤਰ, ਟੂਣਾ ਕੀਤਾ ਹੈ। ਸਾਡੀ ਬੱਚੀ ਦੀ ਸ਼ਾਦੀ ਨਹੀਂ ਹੋ ਰਹੀ। ਵਰ ਬੰਨਿਆ ਹੈ। ਗੁਰੂ ਕਲਗੀਧਰ ਪਾਤਸ਼ਾਹ ਜੀ ਕਹਿੰਦੇ ਹਨ ਕਿ ਜੇ ਤੇਰੇ ਕੋਲ ਸ੍ਰੀ ਚੌਪਈ ਸਾਹਿਬ ਜੀ ਦੀ ਬਾਣੀ ਦਾ ਧਨ ਹੈ ਤਾਂ ਇਹੋ ਜਿਹੇ ਡਰ ਤੇਰੇ ਨੇੜੇ ਨਹੀਂ ਆਉਣਗੇ। ਇਨ੍ਹਾਂ ਜੰਤਰਾਂ-ਮੰਤਰਾਂ ਦਾ ਅਸਰ ਉਨ੍ਹਾਂ ਤੇ ਹੁੰਦਾ ਹੈ ਜਿਹੜੇ ਗੁਰਬਾਣੀ ਨਹੀਂ ਪੜ੍ਹਦੇ, ਸੁਣਦੇ। ਕਵੀ ਚੂੜਾਮਣਿ ਭਾਈ ਸੰਤੋਖ ਸਿੰਘ ਜੀ ਨੇ ਸ੍ਰੀ ਨਾਨਕ ਪ੍ਰਕਾਸ਼ ਵਿੱਚ ਲਿਖਿਆ ਹੈ :

***ਜੰਤ੍ਰ ਮੰਤ੍ਰ ਪੁਨ ਤੰਤ੍ਰ ਮਹਾਨਾ ।***

***ਭੂਤ ਜਿ ਪ੍ਰੇਤ ਦੈਤ ਬਲਵਾਨਾ ॥੯੮॥***

***(ਸ੍ਰੀ ਨਾਨਕ ਪ੍ਰਕਾਸ਼)***

ਜਿਹੜੀ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਬਾਨੀ ਦੀ ਦਾਤ ਬਖਸ਼ੀ ਹੈ, ਇਹ ਸਭ ਜੰਤਰਾਂ, ਮੰਤਰਾਂ, ਤੰਤਰਾਂ ਤੋਂ ਉੱਤੇ ਹੈ। ਇਨ੍ਹਾਂ ਚੀਜ਼ਾਂ ਤੋਂ ਉੱਤੇ ਹੈ। ਇਸ ਬਾਨੀ ਦਾ ਸੁੱਖ ਸਦੀਵੀ ਹੈ। ਦੂਸਰੀਆਂ ਚੀਜ਼ਾਂ ਦਾ ਸੁੱਖ ਚੰਦ ਸਮੇਂ ਲਈ ਹੈ। **ਬਾਬਾ ਨੰਦ ਸਿੰਘ ਜੀ ਦਾ ਬਚਨ- ਜੰਤਰਾਂ ਨਾਲ ਪ੍ਰਾਪਤ ਕੀਤੀ ਚੀਜ਼ ਦੀ ਉਮਰ ਲੰਬੀ ਨਹੀਂ ਤੇ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਘਰੋਂ ਮਿਲੀ ਦਾਤ ਨੂੰ ਕੋਈ ਮਿਟਾ ਨਹੀਂ ਸਕਦਾ।** ਜੰਤਰਾਂ ਵਿੱਚ ਸਦੀਵੀ ਸੁੱਖ ਨਹੀਂ। ਤੁਹਾਡੇ ਘਰ ਕੋਈ ਦੁੱਖ ਆਵੇਗਾ, ਤੁਹਾਨੂੰ ਘੱਟੋ ਘੱਟ ਪੰਜਾਹ ਬੰਦੇ ਰਾਏ ਦੇਣ ਵਾਲੇ ਆ ਜਾਣਗੇ ਕਿ ਤੂੰ ਚੱਲ ਫਲਾਣੇ ਸਿਆਣੇ ਕੋਲ ਜਾਂ ਫਲਾਣੇ ਪਾਸੇ ਧਾਗੇ ਤਵੀਤ ਵਾਲੇ ਕੋਲ। ਉਹ ਚੰਦ ਦਿਨਾਂ ਲਈ ਆਪਣਾ ਉਸ ਤਾਂਤ੍ਰਿਕ ਵਿਦਿਆ ਨਾਲ ਪ੍ਰਭਾਵ ਪਾ ਸਕਦਾ ਹੈ ਪਰ ਸਦੀਵੀ ਸੁੱਖ ਨਹੀਂ ਦੇ ਸਕਦਾ ਤੇ ਮਹਾਰਾਜ ਜੀ ਨੇ ਕਿਹਾ ਹੈ, ਇਹ ਬਾਨੀ ਜਿਹੜੀ ਹੈ, ਇਹ ਸਭ ਤੋਂ ਮਹਾਨ ਹੈ। ਇਸ ਵਿੱਚ ਸਦੀਵੀ ਸੁੱਖ ਹੈ। ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕਹਿੰਦੇ ਹਨ ਕਿ ਇਹੋ ਜਿਹਾ ਸਮਾਂ ਆ ਜਾਵੇਗਾ, ਇਹੋ ਜਿਹੇ ਡਰ ਕਈਆਂ ਨੂੰ ਖਾਣਗੇ ਲੇਕਿਨ ਜਿਸ ਦੇ ਪੱਲੇ ਚੌਪਈ ਸਾਹਿਬ ਦਾ ਧਨ ਹੈ, ਉਸ ਨੇੜੇ ਭਉ ਭਾਵ ਡਰ ਨਹੀਂ ਆਵੇਗਾ। ਗੁਰਬਾਣੀ ਵਿੱਚ ਜਿੱਥੇ ਲਫਜ਼ ਭਾਉ ਆਉਂਦਾ ਹੈ, ਭਾਉ ਦਾ ਅਰਥ ਹੁੰਦਾ ਹੈ 'ਪਿਆਰ' ਤੇ ਜਿੱਥੇ ਲਫਜ਼ ਭਉ ਆਉਂਦਾ ਹੈ, ਭਉ ਦਾ ਅਰਥ ਹੁੰਦਾ ਹੈ 'ਡਰ'।

***ਦੂਖ ਦਰਦ ਭੌ ਨਿਕਟ ਨ ਤਿਨ ਨਰ ਕੇ ਰਹੈ ॥***

***(ਸ੍ਰੀ ਚੌਪਈ ਸਾਹਿਬ)***

ਇਹ ਭਉ ਭਾਵ ਡਰ ਉਨ੍ਹਾਂ ਦੇ ਨਿਕਟ ਨਹੀਂ ਆਉਂਦਾ। ਸਦੀਵੀ ਸੁੱਖ ਗੁਰਬਾਨੀ ਵਿੱਚ ਹੈ। ਇਹ ਅੰਦਰਲੀ ਅਵਸਥਾ ਵੀ ਨਾਲ ਬਣਾਉਂਦੀ ਹੈ। ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਸ੍ਰੀ ਚੌਪਈ ਸਾਹਿਬ ਜੀ ਦੀ ਬਖਸ਼ਿਸ਼ ਦੱਸਦੇ ਹਨ, ਕਹਿੰਦੇ ਹਨ ਕਿ :

***ਦੂਖ ਦਰਦ ਭੌ ਨਿਕਟ ਨ ਤਿਨ ਨਰ ਕੇ ਰਹੈ ॥***

***(ਸ੍ਰੀ ਚੌਪਈ ਸਾਹਿਬ)॥***

ਇੱਕ ਚੀਜ਼ ਹੋਰ ਨੋਟ ਕਰੋ, ਦੁੱਖ ਹੋਰ ਹੈ, ਦਰਦ ਹੋਰ ਹੈ। ਦੁੱਖ ਦਾ ਤਾਅਲੁੱਕ ਸਰੀਰ ਹੈ, ਦਰਦ ਦਾ ਤਾਅਲੁੱਕ ਆਤਮਾ ਨਾਲ ਹੈ। ਇਹ ਪੜ੍ਹਦੇ ਹੋ :

***ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ ॥੧॥***

***(ਅੰਗ ੩੬੦)***

ਹੁਣ ਇਹ ਕੀ ਹੈ। ਹੇ ਵਾਹਿਗੁਰੂ ! ਐਸੀ ਕੱਟਾ ਵੱਢੀ ਹੋ ਗਈ। ਤੇਰੀ ਆਤਮਾ ਨੂੰ ਦਰਦ ਨਹੀਂ ਆਇਆ। ਸਰੀਰ ਦੀ ਗੱਲ ਨਹੀਂ ਕਹੀ। ਦਰਦ ਦਾ ਤਾਅਲੁੱਕ ਆਤਮਾ ਨਾਲ ਹੈ। ਦੁੱਖ ਦਾ ਤਾਅਲੁੱਕ ਸਰੀਰ ਨਾਲ ਹੈ। ਹੁਣ ਇਸ਼ਾਰਾ ਲੈਣਾ। ਸਰੀਰ ਦੇ ਦੁੱਖਾਂ ਦਾ ਸਭ ਨੂੰ ਗਿਆਨ ਹੈ ਕਿ ਮੇਰੇ ਗੋਡਾ ਦਰਦ ਹੁੰਦਾ ਹੈ, ਮੈਨੂੰ ਇਹ ਦੁੱਖ ਹੈ ਲੇਕਿਨ ਆਤਮਾ ਦੇ ਦਰਦ ਦਾ ਗੁਰਸਿੱਖ ਨੂੰ ਗਿਆਨ ਹੈ ਕਿ ਆਤਮਾ ਨੂੰ ਦਰਦ ਹੈ ਕਿ ਮੇਰਾ ਨੇਮ ਟੁੱਟ ਗਿਆ ਹੈ। ਮੇਰੀ ਆਤਮਾ ਪਿਆਸੀ ਹੈ ਕਿ ਮੇਰਾ ਅੰਮ੍ਰਿਤ ਵੇਲਾ ਟੁੱਟ ਗਿਆ ਹੈ। ਦਰਦ।

ਅੰਮ੍ਰਿਤਸਰ ਦੀ ਇੱਕ ਬੱਚੀ ਹੈ। ਦੋ ਕੁੜੀਆਂ ਹਨ ਤੇ ਹੁਣ ਮੁੰਡਾ ਹੋਇਆ ਹੈ। ਉਸ ਦਾ ਨੇਮ ਟੁੱਟ ਗਿਆ ਤੇ ਰੋ ਰੋ ਕੇ ਬੇਹਾਲ। ਮੇਰਾ ਨਿਤਨੇਮ ਟੁੱਟ ਗਿਆ ਹੈ। ਬੱਚੇ ਛੋਟੇ ਹਨ ਤੇ ਕਹਿੰਦੀ ਹੈ ਕਿ ਮੇਰਾ ਨੇਮ ਟੁੱਟ ਗਿਆ ਹੈ। ਦਾਸ ਨੇ ਕਿਹਾ ਕਿ ਇਹ ਆਤਮਾ ਦਾ ਦਰਦ ਦੱਸ ਰਹੀ ਹੈ। ਇਹ ਸਰੀਰ ਦਾ ਦੁੱਖ ਨਹੀਂ ਦੱਸ ਰਹੀ। ਇਸ ਦੀ ਆਤਮਾ ਨੂੰ ਖੁਰਾਕ ਨਹੀਂ ਮਿਲ ਰਹੀ। ਉਸ ਦਾ ਦਰਦ ਦੱਸ ਰਹੀ ਹੈ। ਫਿਰ ਦਾਸ ਨੇ ਉਸ ਬੱਚੀ ਨੂੰ ਬੇਨਤੀ ਕੀਤੀ ਕਿ ਦੋ ਢੰਗ ਹਨ। ਇੱਕ ਤਾਂ ਕੀਰਤਨ ਦੀ ਸੀ.ਡੀ. ਰਾਹੀਂ ਗੁਰਬਾਣੀ ਦਾ ਸਹਾਰਾ ਲੈ ਲੈ। ਦਾਸ ਜੇ ਕਹੇ ਕਿ ਬੱਚਿਆਂ ਨੂੰ ਰੋਂਦੇ ਛੱਡ ਦੇ ਤੇ ਗੁਟਕਾ ਸਾਹਿਬ ਫੜ

ਲੈ। ਇਹ ਵੀ ਗੱਲ ਨਹੀਂ ਜੱਚਦੀ। ਇਹ ਵੀ ਡਿਊਟੀ ਨਿਭਾਉਣੀ ਹੈ। ਦੂਸਰੀ ਬੇਨਤੀ ਕੀਤੀ, ਰੋ ਤੇ ਕਲਪ ਨਾ ਇਨ੍ਹਾਂ ਬੱਚਿਆਂ ਵਿੱਚੋਂ ਹੀ ਪਰਮੇਸ਼ਰ ਨੂੰ ਯਾਦ ਕਰਿਆ ਕਰ ਤੇ ਕਿਹਾ ਕਰ, ਐ ਬੀਠੁਲ, ਕਿਉਂ ਰੋਂਦਾ ਹੈਂ? ਇਨ੍ਹਾਂ ਵਿੱਚ ਬੀਠੁਲ ਵੇਖ ਲੈ। ਪਿਆਰਾ ਵਾਹਿਗੁਰੂ ਵੇਖ ਲੈ ਤਾਂ ਕਿ ਇਨ੍ਹਾਂ ਦਾ ਰੋਣਾ ਤੇਰੇ ਲਈ ਭਗਤੀ ਬਣ ਜਾਵੇ। ਉਸ ਬੀਬੀ ਨੂੰ ਬੇਨਤੀ ਕੀਤੀ ਕਿ ਬੱਚਿਆਂ ਦੀ ਨਿੱਕੀ ਨਿੱਕੀ ਗੱਲ ਤੋਂ ਰੋਣ ਦੀ ਗੱਲ ਨੂੰ ਲੈ ਕੇ ਕਲਪਣ ਨਾਲੋਂ ਇਹ ਹੀ ਕਹਿ ਦਿਆ ਕਰ, ਬੀਠੁਲ, ਚੁੱਪ ਕਰ ਜਾ। ਮੈਨੂੰ ਕੁਝ ਕਰ ਲੈਣ ਦੇ। ਦੂਜਾ ਉਸ ਨੂੰ ਬੇਨਤੀ ਕੀਤੀ ਕਿ ਗੁਰਬਾਣੀ ਦੀ ਸੀ.ਡੀ. ਲਗਾ ਕੇ ਕਥਾ ਕੀਰਤਨ ਨਾਮ ਦਾ ਸਹਾਰਾ ਲੈ ਲੈ। ਰਸੋਈ ਵਿੱਚ ਰੋਟੀ ਪਕਾਉਣੀ ਹੈ, ਨਾਲ ਸੀ.ਡੀ. ਲਗਾ ਲਓ ਨਿਤਨੇਮ ਦੀ, ਸੀ.ਡੀ. ਲਗਾ ਲਓ ਸ੍ਰੀ ਸੁਖਮਨੀ ਸਾਹਿਬ ਦੀ, ਸੀ.ਡੀ. ਲਗਾ ਲਓ ਵਾਹਿਗੁਰੂ ਸਿਮਰਨ ਦੀ ਤਾਂ ਕਿ ਇਸ ਆਤਮਾ ਦੇ ਦਰਦ ਨੂੰ ਕੁਝ ਰਾਹਤ ਮਿਲ ਜਾਵੇ। ਇਸ਼ਾਰਾ। ਜਦੋਂ ਕੋਈ ਐਸਾ ਦੁੱਖ ਮਹਿਸੂਸ ਕਰੇ ਕਿ ਮੇਰੀ ਆਤਮਾ ਪਿਆਸੀ ਹੈ, ਮੇਰਾ ਨਿਤਨੇਮ ਟੁੱਟ ਗਿਆ ਹੈ, ਮੇਰਾ ਅੰਮ੍ਰਿਤ ਵੇਲਾ ਟੁੱਟ ਗਿਆ ਹੈ, ਮੇਰਾ ਨਿਤਨੇਮ ਪਿੱਛੇ ਪੈ ਗਿਆ ਹੈ। ਸਮਝ ਲਓ ਕਿ ਆਤਮਾ ਨੂੰ ਰੋਗ ਲੱਗ ਗਿਆ ਹੈ। ਇਹ ਦਰਦ ਹੈ। ਜੇ ਸਰੀਰ ਨੂੰ ਕੋਈ ਰੋਗ ਲੱਗਾ ਹੈ, ਸਰੀਰ ਢਿੱਲਾ-ਮੱਠਾ ਹੈ ਤੇ ਇਹ ਦੁੱਖ ਹੈ ਤੇ ਗੁਰੂ ਕਲਗੀਧਰ ਪਾਤਸ਼ਾਹ ਜੀ ਕਹਿੰਦੇ ਕਿ ਜੇ ਚੌਪਈ ਸਾਹਿਬ ਦਾ ਸਹਾਰਾ ਲਏ ਤੇ ਤੇਰੀ ਆਤਮਾ ਦੇ ਦਰਦ ਵੀ ਕੱਟੇ ਜਾਣਗੇ ਤੇ ਤਨ ਦੇ ਦੁੱਖ ਵੀ।

***ਦੂਖ ਦਰਦ ਭੌ ਨਿਕਟ ਨ ਤਿਨ ਨਰ ਕੇ ਰਹੈ ॥***

***(ਸ੍ਰੀ ਚੌਪਈ ਸਾਹਿਬ)***

ਆਪਣੇ ਪਿਓ ਨੂੰ ਕਹਿ ਸਕਦੇ ਹੋ ਕਿ ਪਾਤਸ਼ਾਹ ਜੀ ਮੇਰੀ ਵੀ ਆਤਮਾ ਪਿਆਸੀ ਹੈ। ਜੇ ਮੈਂ ਵੀ ਚੌਪਈ ਸਾਹਿਬ ਦੇ ਪੰਜ ਪਾਠ ਕਰਾਂ ਤੇ ਕਿਰਪਾ ਕਰਨੀ ਮੇਰੀ ਆਤਮਾ ਨੂੰ ਬਾਣੀ ਦੀ ਖੁਰਾਕ ਮਿਲੇ ਤੇ ਦਰਦ ਚਲਾ ਜਾਵੇ। ਤੁਸੀਂ ਕਿਹਾ ਹੈ:

***ਦੂਖ ਦਰਦ ਭੌ ਨਿਕਟ ਨ ਤਿਨ ਨਰ ਕੇ ਰਹੈ ॥***
***ਹੋ ਜੋ ਯਾਕੀ ਏਕ ਬਾਰ ਚੌਪਈ ਕੋ ਕਹੈ ॥੨੮॥***

***(ਸ੍ਰੀ ਚੌਪਈ ਸਾਹਿਬ)***

ਸਾਧ ਸੰਗਤ ਜੀ, ਗੁਰੂ ਸਾਹਿਬ ਬਖਸ਼ਿਸ਼ ਕਰਨ, ਕਿਰਪਾ ਕਰਨ, ਇਸ ਕਲਯੁੱਗ ਦੇ ਐਸੇ ਸਮੇਂ ਵਿੱਚ ਜੋ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਨੇ ਚੌਪਈ ਸਾਹਿਬ ਜੀ ਦੀ ਮਹਾਨ ਬਖਸ਼ਿਸ਼ ਕੀਤੀ ਹੈ ਤੇ ਇਸ ਦਾ ਮਹਾਤਮ ਕੀ ਹੈ? ਆਤਮਾ ਦੇ ਦੁੱਖ ਵੀ, ਸਰੀਰ ਦੇ ਦੁੱਖ ਵੀ, ਇਸ ਚੌਪਈ ਸਾਹਿਬ ਦੀ ਬਾਣੀ ਸਦਕਾ ਚਲੇ ਜਾਂਦੇ ਹਨ। ਚੌਪਈ ਸਾਹਿਬ ਜੀ ਦੀ ਬਾਣੀ ਨਾਲ ਸਾਡੀ ਪ੍ਰੀਤ ਪੈ ਜਾਵੇ। ਪੰਕਤੀਆਂ ਵਿੱਚ ਗੜੂੰਦ ਹੋ ਜਾਇਆ ਕਰੋਗੇ ਤੇ ਜਿੱਥੇ ਆ ਜਾਂਦੇ ਹੋ:

***ਅਪਨਾ ਜਾਨ ਕਰੋ ਪ੍ਰਤਿਪਾਰਾ ॥੧॥***

***(ਸ੍ਰੀ ਚੌਪਈ ਸਾਹਿਬ)***

ਉੱਥੇ ਫਿਰ ਢਹਿ ਪਿਆ ਕਰੋ। ਬਾਬਾ ਨੰਦ ਸਿੰਘ ਜੀ ਵਾਂਗੂੰ ਕਿ ਮੈਨੂੰ ਆਪਣਾ ਬਣਾ ਲੈ। ਰਿਖੀ ਜੀ ਮੰਗੋ, ਕੀ ਮੰਗਦੇ ਹੋ? ਕਹਿੰਦੇ ਕਿ ਆਪਣਾ ਬਣਾ ਲੈ।

ਭਾਈ ਜੋਗੇ ਦੇ ਕਦਮ ਚਲੇ ਗਏ, ਵੇਸਵਾ ਦੇ ਬੂਹੇ ਵੱਲ। ਇੱਕੋ ਵਾਅਦਾ ਕੀਤਾ ਸੀ, ਜਿਹੜਾ ਬਚਾ ਗਿਆ। ਦਾਸ ਹੈਰਾਨ ਹੈ, ਗੁਰੂ ਕਲਗੀਧਰ ਪਾਤਸ਼ਾਹ ਜੀ ਨੂੰ ਕਿੰਨੀ ਨੀਵੀਂ ਜਗ੍ਹਾ ਤੇ ਪਹਿਰਾ ਦੇਣਾ ਪਿਆ। ਇੱਕ ਬਚਨ ਕੀਤਾ ਸੀ, ਜੋਗਿਆ, ਤੂੰ ਕਿਸ ਦੇ ਜੋਗਾ। ਪਾਤਸ਼ਾਹ ਮੈਂ ਤੁਹਾਡੇ ਜੋਗਾ। ਜੇ ਤੂੰ ਮੇਰੇ ਜੋਗਾ ਤੇ ਮੈਂ ਤੇਰੇ ਜੋਗਾ। ਆਪਣਾ ਬਣਾਇਆ ਸੀ। ਕਹੋ ਸਾਰੇ ਪਿਆਰ ਨਾਲ:

***ਹਮਰੀ ਕਰੋ ਹਾਥ ਦੈ ਰੱਛਾ ॥***
***ਪੂਰਨ ਹੋਇ ਚਿਤ ਕੀ ਇੱਛਾ ॥***

***(ਸ੍ਰੀ ਚੌਪਈ ਸਾਹਿਬ)***

ooo

# ਅਨਮੋਲ ਬਚਨ

## ਧੰਨ ਧੰਨ ਬਾਬਾ ਨੰਦ ਸਿੰਘ ਜੀ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ:-

ਸੰਗ੍ਰਹਿ ਕਰਤਾ-ਸੰਪਾਦਕ

ਵਰਤ ਇਹੋ ਜਿਹੇ ਰੱਖੋ ਜਿਵੇਂ ਕਿ ਝੂਠ ਨਹੀਂ ਬੋਲਣਾ, ਨਿੰਦਿਆ ਨਹੀਂ ਕਰਨੀ ਅਤੇ ਨਾ ਹੀ ਕਿਸੇ ਦੀ ਨਿੰਦਿਆ ਸੁਣਨੀ ਹੈ। ਇਹੋ ਜਿਹੇ ਰੱਖੇ ਹੋਏ ਵਰਤ ਤੁਹਾਨੂੰ ਗੁਰੂ ਦੇ ਨੇੜੇ ਲੈ ਜਾਣਗੇ।

**298**

ਜਿੱਥੇ ਨਾਮ ਹੈ, ਉੱਥੇ ਕਿਹੜੀ ਵਸਤੂ ਨਹੀਂ, ਜਿੱਥੇ ਨਾਮ ਨਹੀਂ ਉੱਥੇ ਕੁਝ ਵੀ ਨਹੀਂ।

**299**

## ਧੰਨ ਧੰਨ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ

—ਭਾਈ ਅਮਰੀਕ ਸਿੰਘ ਗਨੈਸਕ

ਕਿਰਪਾ ਕਦੋਂ ਹੁੰਦੀ ਹੈ, ਜਦੋਂ ਸਤਿਪੁਰਖਾਂ ਦੀ ਸੰਗਤ ਕਰਕੇ ਭਜਨ ਬੰਦਗੀ ਕਰਦਾ ਹੈ।

**132**

ਨਿਸ਼ਕਾਮ ਕਰਮ ਅਤੇ ਭਜਨ ਬੰਦਗੀ ਕਰਦਿਆਂ ਜਦ ਮਨ ਇਕਾਗਰ ਹੋਣ ਲੱਗਦਾ ਹੈ, ਫਿਰ ਬ੍ਰਹਮ ਵਿਚਾਰ ਦਾ ਅਧਿਕਾਰੀ ਬਣਦਾ ਹੈ।

**133**

ਬੱਚਿਆਂ ਲਈ ਵਿਸ਼ੇਸ਼

## ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400 ਸਾਲਾ ਪਾਵਨ ਪ੍ਰਕਾਸ਼ ਦਿਵਸ ਨੂੰ ਸਮਰਪਿਤ ਨਵੀਂ ਲਹਿਰ

# 400 ਸਾਲ ਗੁਰ ਇਤਿਹਾਸ ਦੇ ਨਾਲ

ਸਤਿਗੁਰੂ ਜੀ ਦੀ ਕਿਰਪਾ ਨਾਲ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੇ 400 ਸਾਲਾ ਪਾਵਨ ਪ੍ਰਕਾਸ਼ ਦਿਵਸ ਦੇ ਸੰਬੰਧ ਵਿੱਚ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਵੱਲੋਂ ਨਵੀਂ ਲਹਿਰ "400 **ਸਾਲ ਗੁਰ ਇਤਿਹਾਸ ਦੇ ਨਾਲ**" ਸਿਫਤਿ ਸਾਲਾਹ ਵਿੱਚ ਅੰਕ 136 ਤੋਂ ਸ਼ੁਰੂ ਕੀਤੀ ਗਈ ਹੈ ਜਿਸ ਵਿੱਚ ਗੁਰੂ ਸਾਹਿਬਾਨਾਂ, ਸ਼ਹੀਦ ਸਿੰਘਾਂ ਅਤੇ ਗੁਰੂ ਕੇ ਪਿਆਰਿਆਂ ਦੇ ਜੀਵਨ ਵਿੱਚੋਂ ਪ੍ਰਸ਼ਨ-ਉੱਤਰ ਦੇ ਰੂਪ ਵਿੱਚ ਆਪਣੇ ਗੌਰਵਮਈ ਸਿੱਖ ਇਤਿਹਾਸ ਤੋਂ ਬੱਚਿਆਂ ਨੂੰ ਜਾਣੂੰ ਕਰਵਾਇਆ ਜਾਵੇਗਾ ਤਾਂ ਕਿ ਉਹ ਇਸ ਤੋਂ ਜਾਣੂ ਹੋ ਕੇ ਸੇਧ ਲੈ ਸਕਣ। ਆਪ ਜੀ ਅਸੀਸ ਦੇਣਾ ਤਾਂ ਕਿ ਇਹ ਸੇਵਾ ਹੋ ਸਕੇ।

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

**39. ਪ੍ਰ: ਉਸ ਪਿਆਰੇ ਗੁਰਸਿੱਖ ਦਾ ਕੀ ਨਾਂ ਸੀ ਜਿਨ੍ਹਾਂ ਨੇ ਖੋਪਰੀ ਲੁਹਾ ਲਈ ਪਰ ਕੇਸਾਂ ਦੀ ਬੇਅਦਬੀ ਨਹੀਂ ਹੋਣ ਦਿੱਤੀ?**

ਉ: ਸ਼ਹੀਦ ਭਾਈ ਤਾਰੂ ਸਿੰਘ ਜੀ

ਸਿੱਖ ਧਰਮ ਵਿੱਚ ਦ੍ਰਿੜ੍ਹ ਰਹਿਣ ਵਾਲਿਆਂ ਵਿੱਚ ਇੱਕ ਸਤਿਕਾਰਯੋਗ ਨਾਮ ਹੈ, ਸ਼ਹੀਦ ਭਾਈ ਤਾਰੂ ਸਿੰਘ ਜੀ ਦਾ। ਅਰਦਾਸ ਵਿੱਚ ਜਦੋਂ ਇਹ ਲਫਜ਼ ਪੜ੍ਹੇ ਜਾਂਦੇ ਹਨ, ਜਿਨ੍ਹਾਂ ਨੇ ਖੋਪਰੀਆਂ ਲੁਹਾਈਆਂ ਤੇ ਧਿਆਨ ਇਕਦਮ ਸ਼ਹੀਦ ਭਾਈ ਤਾਰੂ ਸਿੰਘ ਜੀ ਦੇ ਚਰਨਾਂ ਵਿੱਚ ਚਲਾ ਜਾਂਦਾ ਹੈ। ਸ਼ਹੀਦ ਭਾਈ ਤਾਰੂ ਸਿੰਘ ਜੀ ਨੇ ਸਿੱਖੀ ਕੇਸਾਂ ਸਵਾਸਾਂ ਸੰਗ ਨਿਭਾਈ। ਖੋਪਰੀ ਲੁਹਾ ਲਈ ਪਰ ਕੇਸਾਂ ਦੀ ਬੇਅਦਬੀ ਨਹੀਂ ਹੋਣ ਦਿੱਤੀ। ਸ਼ਹੀਦ ਭਾਈ ਤਾਰੂ ਸਿੰਘ ਜੀ ਜ਼ਿਲ੍ਹਾ ਅੰਮ੍ਰਿਤਸਰ ਦੇ ਪੂਹਲੇ ਪਿੰਡ ਦੇ ਰਹਿਣ ਵਾਲੇ ਸਨ। ਸਾਰਾ ਪਰਿਵਾਰ ਹੀ ਗੁਰੂ ਦੇ ਚਰਨਾਂ ਵਿੱਚ ਰੰਗਿਆ ਹੋਇਆ ਸੀ। ਘਰ ਵਿੱਚ ਮਾਤਾ ਜੀ ਅਤੇ ਇੱਕ ਭੈਣ ਸੀ। ਭਾਈ ਸਾਹਿਬ ਜੀ ਦਾ ਰੰਗਿਆ ਅਤੇ ਪਰਉਪਕਾਰੀ ਜੀਵਨ ਦੇਖ ਕੇ ਸਾਰਾ ਪਿੰਡ ਹੀ ਇਸ ਪਰਿਵਾਰ ਦਾ ਸਤਿਕਾਰ ਕਰਦਾ ਸੀ।

ਭਾਈ ਪਿੰਦਰਪਾਲ ਸਿੰਘ ਜੀ ਨੇ ਲਿਖਿਆ ਹੈ ਕਿ ਭਾਈ ਤਾਰੂ ਸਿੰਘ ਜੀ ਦੇ ਮਾਤਾ ਜੀ ਦੋਵੇਂ ਬੱਚਿਆਂ ਨੂੰ ਅੰਮ੍ਰਿਤ ਵੇਲੇ ਉਠਾਉਂਦੇ ਹਨ, ਨਿਤਨੇਮ ਕਰਵਾਉਂਦੇ ਹਨ, ਰੋਜ਼ਾਨਾ ਦੇਗ ਬਣਾ ਕੇ ਗੁਰੂ ਚਰਨਾਂ ਵਿੱਚ ਅਰਦਾਸ ਕਰਕੇ ਵਰਤਾਉਂਦੇ ਹਨ। ਦਿਨੇ ਭਾਈ ਤਾਰੂ ਸਿੰਘ ਜੀ ਖੇਤਾਂ ਵਿੱਚ ਹਲ ਵਾਹੁੰਦੇ ਹਨ ਤੇ ਸੰਧਿਆ ਸਮੇਂ ਸਾਰਾ ਪਰਿਵਾਰ ਇਕੱਠਾ ਸੋ ਦਰੁ ਰਹਰਾਸਿ ਸਾਹਿਬ ਦਾ ਪਾਠ ਕਰਦੇ ਹਨ। ਪਤਾ ਲੱਗਾ ਕਿ ਜੰਗਲ ਵਿੱਚ ਗੁਰੂ ਦੇ ਪਿਆਰ ਸਿੰਘ ਜਾਨਾਂ ਹਥੇਲੀ ਤੇ ਰੱਖ ਕੇ ਸਮੇਂ ਦੀ ਜ਼ਾਲਮ ਹਕੂਮਤ ਨਾਲ ਜੂਝ ਰਹੇ ਹਨ। ਭਾਈ ਤਾਰੂ ਸਿੰਘ ਜੀ ਮਾਤਾ ਜੀ ਨੂੰ ਬੇਨਤੀ ਕਰਦੇ ਹਨ, ਤੁਸੀਂ ਪਰਸ਼ਾਦੇ ਤਿਆਰ ਕਰ ਦਿਆ ਕਰੋ ਅਤੇ ਮੈਂ ਚੰਗੇਰ (ਟੋਕਰੀ) ਵਿੱਚ ਪਰਸ਼ਾਦੇ ਪਾ ਕੇ ਉਨ੍ਹਾਂ ਨੂੰ ਛਕਾ ਆਇਆ ਕਰਾਂ। ਮਾਤਾ ਜੀ ਨੇ ਬਹੁਤ ਅਸੀਸਾਂ ਦਿੱਤੀਆਂ। ਦੋਵੇਂ ਭੈਣ ਭਰਾ ਜੰਗਲਾਂ ਵਿੱਚ ਜਾਂਦੇ ਹਨ, ਜੰਗਲ ਵਿੱਚ ਜਾ ਕੇ ਸਿੰਘਾਂ ਨੂੰ ਪਰਸ਼ਾਦਾ ਛਕਾਉਂਦੇ ਹਨ। ਮਾਤਾ ਜੀ ਜਾਣ ਵੇਲੇ ਇਹ ਕਹਿੰਦੇ ਹਨ, ਬੱਚਿਓ! ਸ਼ਬਦ ਦੀ ਟੇਕ ਨਾ ਛੱਡਣਾ। ਗੁਰੂ ਦਾ ਸ਼ਬਦ ਸਿੱਖ ਦਾ ਕਵਚ ਬਣ ਜਾਂਦਾ ਹੈ। ਇਹ ਸਾਰੇ ਵਰਤਾਰੇ ਦੀ

ਸ਼ਿਕਾਇਤ ਹਰਿਭਗਤ ਨਿਰੰਜਨੀਏ ਨੇ ਜ਼ਕਰੀਆ ਖਾਨ ਨੂੰ ਕੀਤੀ। ਫਿਰ ਉਸ ਨੇ ਸਿਪਾਹੀ ਭੇਜੇ ਗ੍ਰਿਫਤਾਰ ਕਰਨ ਲਈ। ਭਾਈ ਸਾਹਿਬ ਜੀ ਖੇਤਾਂ ਵਿੱਚ ਸਨ। ਮਾਤਾ ਜੀ ਸਿਪਾਹੀਆਂ ਨੂੰ ਕਹਿਣ ਲੱਗੇ, ਤੁਸੀਂ ਪਰਸ਼ਾਦਾ ਛੱਕੋ, ਮੇਰਾ ਬੇਟਾ ਹੁਣੇ ਹੀ ਆ ਜਾਵੇਗਾ। ਜਦੋਂ ਭਾਈ ਸਾਹਿਬ ਘਰ ਆਏ ਤਾਂ ਸਿਪਾਹੀਆਂ ਨੇ ਗ੍ਰਿਫਤਾਰ ਕਰ ਲਿਆ। ਪਿੰਡ ਵਾਲਿਆਂ ਨੇ ਬਹੁਤ ਕਿਹਾ ਕਿ ਅਸੀਂ ਭਾਈ ਤਾਰੂ ਸਿੰਘ ਜੀ ਨੂੰ ਸਿਪਾਹੀਆਂ ਨਾਲ ਨਹੀਂ ਜਾਣ ਦੇਣਾ ਪਰ ਭਾਈ ਤਾਰੂ ਸਿੰਘ ਜੀ ਨੇ ਪਿੰਡ ਵਾਲਿਆਂ ਨੂੰ ਅਜਿਹਾ ਕਰਨ ਤੋਂ ਮਨ੍ਹਾ ਕਰ ਦਿੱਤਾ। ਭਾਈ ਸਾਹਿਬ ਜੀ ਨੇ ਮਾਤਾ ਜੀ ਦੇ ਚਰਨਾਂ ਤੇ ਨਮਸਕਾਰ ਕੀਤੀ। ਆਪਣੀ ਭੈਣ ਨੂੰ ਕਿਹਾ, ਅੱਜ ਤੂੰ ਮੇਰੀ ਭੈਣ ਹੈ ਪਰ ਜੇ ਮੇਰੀ ਸ਼ਹਾਦਤ ਹੋ ਗਈ ਮੇਰੇ ਜਾਣ ਮਗਰੋਂ ਇਹ ਚੰਗੇਰ ਬੰਦ ਨਾ ਹੋਣ ਦੇਈਂ ਤੇ ਤੂੰ ਸਾਰੇ ਪੰਥ ਦੀ ਭੈਣ ਬਣ ਜਾਵੇਂਗੀ।

ਭਾਈ ਤਾਰੂ ਸਿੰਘ ਜੀ ਨੂੰ ਗ੍ਰਿਫਤਾਰ ਕਰਕੇ ਲੈ ਗਏ ਤੇ ਬੜੇ ਕਸ਼ਟ ਦਿੱਤੇ ਗਏ। ਜ਼ਕਰੀਆ ਖਾਨ ਕਹਿਣ ਲੱਗਾ, ਤੂੰ ਇਸਲਾਮ ਕਬੂਲ ਕਰ ਲੈ ਪਰ ਭਾਈ ਸਾਹਿਬ ਜੀ ਕਹਿਣ ਲੱਗੇ, ਮੇਰੀ ਸਿੱਖੀ ਕੇਸਾਂ ਸੁਆਸਾਂ ਸੰਗ ਨਿਭੇਗੀ। ਜ਼ਕਰੀਆਂ ਖਾਨ ਕਹਿਣ ਲੱਗਾ, ਮੈਂ ਜੁੱਤੀਆਂ ਮਾਰ ਮਾਰ ਕੇ ਤੇਰੇ ਕੇਸ ਉਤਾਰਾਂਗਾ ਪਰ ਭਾਈ ਤਾਰੂ ਸਿੰਘ ਜੀ ਕਹਿਣ ਲੱਗੇ, ਮੇਰੇ ਕੇਸਾਂ ਬਾਰੇ ਭੱਦੇ ਬੋਲ ਨਾ ਬੋਲ। ਮੈਂ ਗੁਰੂ ਦੇ ਭਰੋਸੇ ਨਾਲ ਕਹਿੰਦਾ ਹਾਂ, ਤੈਨੂੰ ਜੁੱਤੀਆਂ ਮਾਰ ਮਾਰ ਕੇ ਪਹਿਲੇ ਅੱਗੇ ਲੈ ਕੇ ਜਾਵਾਂਗਾ। ਜ਼ਕਰੀਆ ਖਾਨ ਨੇ ਹੁਕਮ ਕੀਤਾ ਭਾਈ ਤਾਰੂ ਸਿੰਘ ਦੇ ਕੇਸ ਕਤਲ ਕੀਤੇ ਜਾਣ ਪਰ ਨਹੀਂ ਕਰ ਸਕੇ। ਫਿਰ ਇਹ ਹੁਕਮ ਕੀਤਾ ਗਿਆ ਕਿ ਭਾਈ ਤਾਰੂ ਸਿੰਘ ਦੀ ਖੋਪਰੀ ਕੇਸਾਂ ਸਮੇਤ ਲਾਹ ਦਿੱਤੀ ਜਾਵੇ। ਮੋਚੀ ਬੁਲਾਇਆ ਗਿਆ। ਰੰਬੀ ਖੋਪਰੀ ਵਿੱਚ ਮਾਰੀ ਗਈ। ਖੂਨ ਦੀਆਂ ਫੁਹਾਰਾਂ ਛੁੱਟ ਪਈਆਂ। ਖੋਪਰੀ ਕੇਸਾਂ ਸਮੇਤ ਉਤਾਰ ਦਿੱਤੀ ਗਈ। ਖੂਨ ਇੰਝ ਨਿੱਚੜ ਰਿਹਾ ਸੀ ਜਿਵੇਂ ਕੋਈ ਖੂਨ ਦੇ ਦਰਿਆ ਵਿੱਚ ਇਸ਼ਨਾਨ ਕਰਕੇ ਨਿਕਲਿਆ ਹੋਵੇ। ਇਧਰ ਭਾਈ ਸਾਹਿਬ ਜਪੁਜੀ ਸਾਹਿਬ ਦੇ ਪਾਠ ਵਿੱਚ ਲੀਨ ਹਨ। ਉਧਰ ਜ਼ਕਰੀਆ ਖਾਨ ਦਾ ਪਿਸ਼ਾਬ ਬੰਦ ਹੋ ਗਿਆ। ਬਹੁਤ ਇਲਾਜ ਕਰਵਾਏ ਪਰ ਕੋਈ ਫਰਕ ਨਾ ਪਿਆ। ਕਿਸੇ ਨੇ ਕਿਹਾ, ਗੁਰੂ ਦੇ ਸਿੱਖ ਦਾ ਬਚਨ ਅਟੱਲ ਹੈ। ਉਨ੍ਹਾਂ ਦੀ ਜੁੱਤੀ ਤੇਰੇ ਸਿਰ ਵਿੱਚ ਮਾਰਨੀ ਪਵੇਗੀ। ਭਾਈ ਸੁਬੇਗ ਸਿੰਘ ਜੀ ਨੂੰ ਜ਼ਕਰੀਆ ਖਾਨ ਨੇ ਬੁਲਾਇਆ ਤੇ ਕਿਹਾ ਕਿ ਤੁਸੀਂ ਭਾਈ ਤਾਰੂ ਸਿੰਘ ਕੋਲ ਜਾ ਕੇ ਮੇਰੀ ਭੁੱਲ ਬਖਸ਼ਾ ਦਿਓ। ਭਾਈ ਸੁਬੇਗ ਸਿੰਘ ਜੀ ਨੇ ਭਾਈ ਤਾਰੂ ਸਿੰਘ ਜੀ ਕੋਲ ਸੁਨੇਹਾ ਪਹੁੰਚਾਇਆ। ਅੱਗੋਂ ਭਾਈ ਸਾਹਿਬ ਜੀ ਕਹਿਣ ਲੱਗੇ, ਇਸ ਦਾ ਇਲਾਜ ਮੇਰੇ ਕੋਲ ਨਹੀਂ ਗੁਰੂ ਦੇ ਪਿਆਰੇ ਖਾਲਸੇ ਕੋਲ ਹੈ ਤੇ ਜੋ ਗੁਰੂ ਖਾਲਸੇ ਦਾ ਹੁਕਮ ਹੋਵੇਗਾ, ਮੈਂ ਉਹ ਮੰਨਾਂਗਾ। ਗੁਰੂ ਖਾਲਸੇ ਤੱਕ ਸੁਨੇਹਾ ਪਹੁੰਚਾਇਆ ਗਿਆ। ਪੰਜ ਸਿੰਘਾਂ ਨੇ ਅਰਦਾਸ ਕੀਤੀ ਤੇ ਹੁਕਮ ਕੀਤਾ ਕਿ ਭਾਈ ਤਾਰੂ ਸਿੰਘ ਜੀ ਦਾ ਜੋੜਾ ਜ਼ਕਰੀਆ ਖਾਨ ਦੇ ਸਿਰ ਵਿੱਚ ਮਾਰੋ। ਅਜਿਹਾ ਹੀ ਕੀਤਾ ਗਿਆ। ਅਖੀਰ ਜੁੱਤੀਆਂ ਮਾਰਦੇ ਮਾਰਦੇ ਜ਼ਕਰੀਆ ਖਾਨ ਦੀ ਮੌਤ ਹੋ ਗਈ ਤੇ ਇਧਰ ਭਾਈ ਤਾਰੂ ਸਿੰਘ ਜੀ ਨੇ ਵੀ ਕੁਝ ਸਮੇਂ ਬਾਅਦ ਸਰੀਰ ਛੱਡ ਦਿੱਤਾ। ਭਾਈ ਸਾਹਿਬ ਜੀ ਨੇ ਸਰੀਰ ਛੱਡਣ ਤੋਂ ਪਹਿਲਾਂ ਸ਼ੁਕਰਾਨੇ ਵਿੱਚ ਇਹ ਸ਼ਬਦ ਕਹੇ :

***ਗੁਰਿ ਪੂਰੈ ਮੇਰੀ ਰਾਖਿ ਲਈ ॥***
***ਅੰਮ੍ਰਿਤ ਨਾਮੁ ਰਿਦੇ ਮਹਿ ਦੀਨੋ***
***ਜਨਮ ਜਨਮ ਕੀ ਮੈਲੁ ਗਈ ॥੧॥ ਰਹਾਉ ॥***

***(ਅੰਗ ੬੨੩)***

ooo

# सिक्ख पंथ के आदरणीय गुरमुख प्यारे भाई साहिब भाई मनी सिंघ जी

## शहीद भाई मनी सिंघ जी को कितने गुरु साहिबान के दर्शन नसीब हुए?

–जसविन्द्र सिंघ (पटियाला)

*आसा महला १॥*
*सुणि वडा आखै सभु कोइ॥*
*केवडु वडा डीठा होइ॥*
*कीमति पाइ न कहिआ जाइ॥*
*कहणै वाले तेरे रहे समाइ॥१॥*
*वडे मेरे साहिबा गहिर गंभीरा गुणी गहीरा॥*
*कोइ न जाणै तेरा केता केवडु चीरा॥१॥रहाउ॥*
*सभि सुरती मिलि सुरति कमाई॥*
*सभ कीमति मिलि कीमति पाई॥*
*गिआनी धिआनी गुर गुरहाई॥*
*कहणु न जाई तेरी तिलु वडिआई॥२॥*
*सभि सत सभि तप सभि चंगिआईआ॥*
*सिधा पुरखा कीआ वडिआईआ॥*
*तुधु विणु सिधी किनै न पाईआ॥*
*करमि मिलै नाही ठाकि रहाईआ॥३॥*
*आखण वाला किआ वेचारा॥*
*सिफती भरे तेरे भंडारा॥*
*जिसु तू देहि तिसै किआ चारा॥*
*नानक सचु सवारणहारा॥४॥२॥*

*(अंग ६)*

एक दो मिनट उस गहर–गंभीर, गुणी गहीर के बाणी द्वारा दर्शन करना जी। सारी संगत सिमरन करे। बीच में पंक्तियाँ गहर–गंभीर की उस्तति में, छठे पातशाह जी की उस्तति में :

***वाहिगुरु॥ वाहिगुरु॥ वाहिगुरु॥ वाहिगुरु॥***
***धन्य धन्य श्री गुरु हरिगोबिंद साहिब जी।***

वह चब्बे गाँव की धरती जहाँ की रहने वाली माता सुलखनी जिस के कर्मों में भी नहीं, पर आप गहर–गंभीर छठे पातशाह जी प्रसन्नता के घर में आ गए और माता सुलखणी जी के घर सात पुत्र आंगन में खेल रहे हैं। चब्बे की धरती :

*सतिगुरु सिख का हलतु पलतु सवारै॥*
*नानक सतिगुरु सिख कउ जीअ नालि समारै॥१॥*

*(अंग २८६)*

*ऐसी लाल तुझ बिनु कउनु करै॥*
*गरीब निवाजु गुसईआ मेरा*

*माथै छतु धरै ।। १ ।। रहाउ ।।*

*(अंग ११०६)*

*निरजुर निरूप हो कि सुंदर सरूप हो*
*कि भूपन के भूप हो कि दाता महा दान हो ।।*
*प्राण के बचया दूध पूत के दिवया*
*रोग सोग के मिटया किधौ मानी महा मान हो ।।*
*बिदिआ के बिचार हो कि अद्वै अवतार हो*
*कि सिधता की सूरति हो कि सुधता की सान हो ।।*
*जोबन के जाल हो कि काल हूं के काल हो*
*कि सत्रन के सूल हो*
*कि मित्रन के प्रान हो ।। १ ।। १६ ।।*

*(अकाल उस्तति, अंग ३६)*

*राजन महि तूं राजा कहीअहि भूमन महि भूमा ।।*
*ठाकुर महि ठकुराई तेरी कोमन सिरि कोमा ।। १ ।।*
*पिता मेरो बडो धनी अगमा ।।*

*(अंग ५०७)*

*बंग के बंगाली फिरहंग के फिरंगावाली*
*दिली के दिलवाली तेरी आगिआ मै चलत हैं ।।*
*रोह के रुहेले माघ देस के मघेले*
*बीर बंग सी बुंदेले पाप पुंज को मलत हैं ।।*
*गोखा गुन गावै चीन मचीन के सीस नयावै*
*तिब्बती धिआइ दोख देह को दलत हैं ।।*
*जिनै तोहि धिआइओ तिनै पूरन प्रताप पाईओ*
*सरब धन धाम फल फूल सो फलत है ।।*

*(श्री दसम ग्रंथ)*

*धन्य धन्य बाबा बिधी चंद जी ।*
*धन्य धन्य बाबा बुड्ढा साहिब जी ।*
*धन्य धन्य बीबी कौलां जी ।*
*धन्य धन्य भाई जोधका सचिआर जी ।*
*वडे मेरे साहिबा गहिर गंभीरा गुणी गहीरा ।।*
*कोइ न जाणै तेरा केता केवडु चीरा ।। १ ।। रहाउ ।।*

*(अंग ६)*

*धन्य धन्य श्री गुरु हरिगोबिंद साहिब जी ।*

भाई मनी सिंघ जी सिक्ख पंथ के शिरोमणि शहीद हुए हैं। इस अंक में उनके जीवन पर विचार करना है। एक बार पढ़ो सारे प्यार से :

*गुरमुखि परउपकारी विरला आइआ ।*
*गुरमुखि सुख फलु पाइ आपु गवाइआ ।*
*गुरमुखि साखी सबदि सिखि सुणाइया ।*
*गुरमुखि सबद वीचारि सचु कमाइआ ।*
*सचु रिदै मुहि सचु सचि सुहाइआ ।*
*गुरमुखि जनमु सवारि जगतु तराइआ ।। १२ ।।*

*(वार १६, पउड़ी १२)*

शहीद भाई मनी सिंघ जी का जन्म गांव अलीपुर, ज़िला मुजफ्फर नगर, मुलतान (पाकिस्तान) में हुआ। भाई मनी सिंघ जी का जो मनी सिंघ नाम है, यह अमृतपान करने के बाद पड़ा। पहला नाम है, भाई मनी सिंघ जी का मनी राम। पिता जी का नाम, भाई माई दास जी। माता जी का नाम मथुरा बाई जी। जो इतिहासकारों ने लिखा है, इसलिए दास को बोलना पड़ रहा है, नाम मनी राम था पर प्यार से सभी "मनिआ" कहकर बुलाते थे। ओ मनिआ, इधर आ। ओ मनिआ, बात सुन। सिक्ख इतिहास सुनें या पढ़ें तो पता लगता है। आम हमारे दिमाग में आता है, भाई मनी सिंघ जी दसम पातशाह जी के चरणों में आए, यह मान वाली बात है। गाँव चब्बे की धरती पर भाई मनी सिंघ जी का परिवार छठे पातशाह धन्य श्री गुरु हरिगोबिंद साहिब जी के चरणों से जुड़ा हुआ था। छठे पातशाह जी के बाद सभी सत्कार से

कहो :

***सिमरो स्री हरि राय***

यह हमें बहुत कम पता था। 13 साल की उम्र है जब भाई मनी सिंघ जी, धन्य श्री गुरु हरिराय साहिब जी के चरणों में सेवा में आ गए। संगत जी, भाई मनी सिंघ जी शहीद, कितनी बड़ी ऊँची, भाग्यशाली शख्सीयत होंगे, जिन्होंने धन्य श्री गुरु हरिराय साहिब जी के भी दर्शन, धन्य श्री गुरु हरिकृष्ण साहिब जी के भी दर्शन, धन्य श्री गुरु तेग बहादुर साहिब जी के भी दर्शन, धन्य श्री गुरु गोबिंद सिंघ जी के दर्शन और चार साहिबज़ादों के चरणों में रहकर सेवा भी की है। सारे कृपा करो :



***गुरमुखि परउपकारी विरला आइआ।***

*(वार १६, पउड़ी १२)*

बोलने में भाई मनी सिंघ जी आएगा पर तब नाम, मनिआ था। भाई मनी सिंघ जी के पिता जी अपने शेष पुत्रों और भाई मनी सिंघ जी को भी 13 साल की उम्र में कहाँ लाए हैं, धन्य श्री गुरु हरिराय साहिब जी के चरणों में। कमरे में संगत और भी बैठी है। पुत्र और भी बैठे हैं पर धन्य श्री गुरु हरिराय साहिब जी की अंगुली भाई मनी सिंघ जी की तरफ गई और उनके पिता जी से पूछते हैं, इस बच्चे का क्या नाम है? भाई मनी सिंघ जी के पिता जी ने कहा, हम प्यार से मनिआ कहते हैं। नाम मनी राम है पर प्यार से मनिआ कहते हैं। यह जिक्र भाई पिंदरपाल सिंघ जी ने अपनी पुस्तकों में लिखा है, अन्य लेखकों ने भी अपनी पुस्तकों में लिखा है। जब नाम का पता लगा तो धन्य श्री गुरु हरिराय साहिब जी के मुख में से वचन निकला, जरा ध्यान देना। कई वचन होते हैं, गुरु साहिब जी के पावन मुखारबिंद में से निकले हैं। भाई मनी सिंघ जी के बारे में क्या वचन निकला :

***मनीआ गुनीआ बीच होवे जग माही।***

यह वचन, धन्य श्री गुरु हरिराय साहिब जी ने किया। मनिआ, भाई मनी सिंघ जी का नाम व गुनीआ, गुणवान। सातवें पातशाह जी ने वचन किया, यह जो मनिआ है, यह जग में बड़ा गुणवान होगा।

दास विनती करता है, सारे कर्म मिट जाते हैं, खत्म हो जाते हैं, गुरु साहिब एक अंगुली ही कर दें। साथ ही सातवें पातशाह हाथ करके कहते, यह बच्चा इतना गुणवान होगा कि यह मनी की तरह चमकेगा, लोग इसके गुणों व जीवन को सदैव याद करेंगे। जैसे आप याद कर रहे हो :

***गुरमुखि परउपकारी विरला आइआ।***

*(वार १६, पउड़ी १२)*

आप जी बहुत बड़े शहीद का इतिहास पढ़ रहे हो। एक–एक अक्षर शोधन करके यत्न है कि विचार करें। 13 साल की उम्र में भाई मनी सिंघ जी को धन्य श्री गुरु हरिराय साहिब जी के चरणों में से दो सेवाएं मिलीं। यह गुण लेना। एक सेवा मिली, तूने हमें बाणी पढ़कर सुनानी है। देखो कैसा गुरु साहिब का मिशन है। कहते, तेरी एक सेवा यह है कि बाणी पढ़कर हमें भी सुनानी है, संगत को भी और धन्य श्री गुरु हरिराय साहिब ने कहा कि दूसरी सेवा है, संगत के जूठे बर्तन साफ करने हैं।

यह इतिहास है। भाई पिंदरपाल सिंघ जी व अन्य इतिहासकारों के पुस्तकों में से वचन पढ़ो। एक दिन भाई मनी सिंघ जी बर्तन साफ कर रहे थे। सातवें पातशाह जी पास से गुजरे और मन में सोचा, बच्चे को कुछ दिया जाए। 13 साल उम्र क्या होती है? धन्य श्री गुरु हरिराय साहिब जी ने कहा– मनिआ, यदि गुरु की संगत के जूठे बर्तन अच्छी नीयत से साफ किए जाएं तो गुरु की कृपा से हमारे मन को शुद्ध कर देते हैं। साथ ही धन्य श्री गुरु हरिराय साहिब जी ने कहा– जब गुरु मन को शुद्ध कर दे, जब मन शुद्ध हो जाए तो फिर गुरु की मूर्त अंदर भी बस जाती है। कितनी खुशियाँ लीं, पढ़ो सभी एक बार :

***गुरमुखि परउपकारी विरला आइआ।***

*(वार १६, पउड़ी १२)*

भाई मनी सिंघ जी 13 साल की उम्र में सातवें पातशाह जी के चरणों में आए। दो साल सेवा की और पिता जी आ गए, भाई मनी सिंघ जी के। धन्य श्री गुरु हरिराय साहिब जी को कहा– बालक को हमारे साथ भेज दो, इसका विवाह करना है। शादी करनी है। सतिगुरु जी ने कहा– ले जाओ। फिर भाई मनी सिंघ जी का विवाह सीतो बाई जी से हुआ। भाई मनी सिंघ जी की धर्मपत्नी सीतो बाई जी कौन–सी रूह है। सारी संगत मान करना जी, भाई मनी सिंघ जी की धर्मपत्नी किस पिता की पुत्री थी? भाई लक्खी शाह वणजारा जी जिन्होंने धन्य श्री गुरु तेग बहादर महाराज जी के धड़ का सस्कार अपने घर ले जाकर और अपने घर को अग्नि भेंट किया था कि मेरे गुरु साहिब के पावन धड़ की बेअदबी न हो चाहे घर को आग लगती है तो लग जाए। यह भाई मनी सिंघ जी के ससुर हुए हैं। इनकी बेटी को यह मान प्राप्त हुआ, भाई मनी सिंघ जी की धर्मपत्नी होना।

जब सातवें पातशाह जी ज्योति ज्योति समा गए। फिर आठवें पातशाह जी गुरगद्दी पर विराजमान हुए। जब आठवें पातशाह जी दिल्ली गए तो राजा जय सिंघ के बंगले गए, उस समय भाई मनी सिंघ जी आठवें पातशाह जी के प्रमुख सिक्खों में से एक सिक्ख थे। जितना समय आठवें पातशाह धन्य श्री गुरु हरिकृष्ण साहिब जी दिल्ली रहे, भाई मनी सिंघ जी साथ रहे। दास बहुत ढूँढता है कि पुरातन गुरसिक्खों का नेम कैसे होता था? ध्यान देना जी। भाई मनी सिंघ जी अमृत वेले उठकर स्नान करके, अधिकतर समय सिमरन अभ्यास में लीन रहते थे। ये चीजें लिया करो अपने जीवन में भी :

***गुर सतिगुर का जो सिखु अखाए***
***सु भलके उठि हरि नामु धिआवै॥***

*(अंग ३०५)*

यह भाई साहिब जी का नेम था, प्रातः उठना और अमृत वेले नाम अभ्यास में लीन होना। नाम अभ्यास में कुछ समय जुड़ने के बाद फिर गुरु साहिब की बाणी को पढ़ना। साथ–साथ दास इशारा दे रहा है :

***फिरि चड़ै दिवसु गुरबाणी गावै***
***बहदिआ उठदिआ हरि नामु धिआवै।।***

*(अंग ३०५)*

दास जिन गुरमुख रूहों को मिलता है और फिर पूछता है, कैसी रूटीन है? फिर कई कहते हैं, पांच बाणियाँ सुखमनी साहिब तथा अन्य नेम। कई अन्य रूहों को पूछते हैं और वे कहते हैं, पांच बाणियाँ पढ़कर फिर कुछ अन्य बाणियाँ। यह कैसे भी कर लो, इशारा समझ लेना। भाई मनी सिंघ जी अमृत वेले उठकर स्नान करके चौकड़ी लगाते हैं, नाम अभ्यास में। फिर दिन चढ़ते गुरबाणी को पढ़ना। फिर सारा दिन भाई मनी सिंघ जी के बारे में लफ्ज लिखा है, सावधान। सारा दिन सावधान होकर तत्पर रहना, धन्य श्री गुरु हरिकृष्ण साहिब जी के मुख में से कोई सेवा निकले, उस सेवा में कहीं बेअदबी न हो जाए, हुक्म निकले और सेवा के लिए तत्पर रहना सारा दिन। जब आठवें पातशाह जी ज्योति ज्योत समा गए तो वह समय घर में बीता है और जब नवम् पातशाह जी प्रगट हुए तो भाई मनी सिंघ जी श्री आनंदपुर साहिब नवम् पातशाह जी के चरणों में सेवा में वापिस आ गए। फिर जब नवम् पातशाह जी दिल्ली गए, शीश देने के लिए तो कितना प्यार मिलेगा, धन्य श्री गुरु तेग बहादर जी क्या कहते हैं, भाई मनिआ जी, गोबिंद राय के पास आप ने रहना है। आपने सारा आस–पास देखना है। इतनी जिम्मेदारियाँ गुरु घर में से मिलीं। एक बार फिर पढ़ो जी :

***गुरमुखि परउपकारी विरला आइआ।***

*(वार १६, पउड़ी १२)*

***गुरसिखाँ की हरि धूड़ि देहि***
***हम पापी भी गति पांहि।।***

*(अंग १४२४)*

मान करना। इस अंक में सिक्ख पंथ के जिस गुरमुख प्यारे का जिक्र पढ़ रहे हो, अब श्री गुरु गोबिंद सिंघ महाराज जी ने अमृत की दात दी, भाई मनी रास से भाई मनी सिंघ जी हो गए। एक और मान करना। जो हम कहते हैं, श्री गुरु गोबिंद सिंघ जी महाराज के 52 कवि थे, उन 52 कवियों में से भाई मनी सिंघ जी मुख्य कवि थे। ज्ञानी ज्ञान सिंघ जी ने पंथ प्रकाश में लिखा है :

***कवि बवंजा थे गुर पास***
***उन में गनना इनकी खास।***

उनमें इनकी खास गिनती थी, यह ज्ञानी ज्ञान सिंघ जी ने पंथ प्रकाश में लिखा है, 52 कवियों में से बड़े कवि। धन्य श्री गुरु गोबिंद सिंघ जी ने अपने चरणों में कितना मान दिया था, महाराज जी ने कहा, जब हम बाणी का उच्चारण करें तो भाई मनी सिंघ जी आप ने लिखनी है। अब दर्शन करना। पिता जी की चौकड़ी लगी है, श्री गुरु गोबिंद सिंघ जी महाराज की। यह कोई छोटी सेवा नहीं। क्या पता कब मौज में आ गए, बाणी उच्चारण की। वह सदा सेवा में तत्पर। श्री गुरु गोबिंद सिंघ जी महाराज की चौकड़ी लगी और मुख में से क्या निकला, कलगीधर पिता जी के :

***जिमी तुहीं।। जमा तुहीं।।***

***मकी तुहीं॥ मका तुहीं॥१६॥६६॥***

***अभू तुहीं॥ अभै तुहीं॥***

***अछू तुहीं॥ अछै तुहीं॥१७॥६७॥***

***जतस तुहीं॥ ब्रतस तुहीं॥***

***गतस तुहीं॥ मतस तुहीं॥१८॥६४॥***

*(अकाल उस्तति)*

लग गई समाधि। आखिर में श्री गुरु गोबिंद सिंघ जी महाराज तूं ही, तूं ही, तूं ही में लीन हो गए। सारा शब्द श्रवण करवाने के उपरांत यह मुख में से निकला :

***तुहीं॥ तुहीं॥ तुहीं॥ तुहीं॥***

